Vide R.N.I. No. Pun-Pun 2002/8323

ASR/0001/2024/26

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਅੰਕ: 159

D.O.P. 15 Sept. 2024

ਨਿਰੋਲ ਧਾਰਮਿਕ ਪੱਤ੍ਰਿਕਾ



# ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁ: ਸ੍ਰੀ ਟਾਹਲਾ ਸਾਹਿਬ ਵਿਖੇ ਕੜਾਹ ਪ੍ਰਸ਼ਾਦਿ ਵੰਡਣ ਵਾਲੇ ਨਵੇਂ AC ਕੈਬਿਨ ਦਾ ਸ਼ੁੱਭ ਉਦਘਾਟਨ ਸਮਾਰੋਹ

ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁ: ਸ੍ਰੀ ਟਾਹਲਾ ਸਾਹਿਬ ਵਿਖੇ ਸੰਤ ਬਾਬਾ ਦਰਸ਼ਨ ਸਿੰਘ ਜੀ ਵੱਲੋਂ ਕੜਾਹ ਪ੍ਰਸ਼ਾਦਿ ਵੰਡਣ ਵਾਲਾ ਨਵਾਂ ਕੈਬਿਨ ਬਣਾਉਣ ਦੀ ਸੇਵਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਝੋਲੀ ਵਿੱਚ ਪਾਈ ਗਈ। ਸੰਗਤਾਂ ਦੇ ਸਹਿਯੋਗ ਨਾਲ ਕੜਾਹ ਪ੍ਰਸ਼ਾਦਿ ਵੰਡਣ ਵਾਲੇ ਨਵੇਂ ਕੈਬਿਨ ਦੀ ਸੇਵਾ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਸੰਪੂਰਨ ਕਰਵਾਈ ਗਈ। ਜਿਸ ਦਾ ਸ਼ੁੱਭ ਉਦਘਾਟਨ ਕਰਨ ਸਮੇਂ ਅਰਦਾਸ ਕਰਦੇ ਹੋਏ ਜੱਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ, ਸੰਤ ਬਾਬਾ ਦਰਸ਼ਨ ਸਿੰਘ ਜੀ (ਗੁ: ਟਾਹਲਾ ਸਾਹਿਬ) ਵਾਲੇ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਨਾਲ ਖੜ੍ਹੇ ਹੋਰ ਸਹਿਯੋਗੀ।







# ਜਨਮ ਅਸਥਾਨ ਗੁ: ਸ੍ਰੀ ਪਹੂਵਿੰਡ ਸਾਹਿਬ ਵਿਖੇ ਸੰਗਤਾਂ ਦੀ ਸਹੂਲਤ ਲਈ ਤਕਰੀਬਨ 2.5 ਕਰੋੜ ਦੀ ਲਾਗਤ ਨਾਲ ਨਵੇਂ ਬਣੇ ਇਸ਼ਨਾਨ ਘਰ ਅਤੇ ਬਾਥਰੂਮ







ਜਨਮ ਅਸਥਾਨ ਗੁ: ਸ੍ਰੀ ਪਹੂਵਿੰਡ ਸਾਹਿਬ ਵਿਖੇ ਨਵੇਂ ਬਣੇ ਦੀਵਾਨ ਹਾਲ ਵਿੱਚ ਤਕਰੀਬਨ 80 ਹਜ਼ਾਰ ਸੰਗਤਾਂ ਹਰ ਐਤਵਾਰ ਚੁਪਹਿਰਾ ਸਾਹਿਬ ਵਿੱਚ ਹਾਜ਼ਰੀਆਂ ਭਰਦੀਆਂ ਹਨ। ਇਸ ਨਵੇਂ ਦੀਵਾਨ ਹਾਲ ਦੇ ਬਿਲਕੁਲ ਨੇੜੇ ਹੀ ਸੰਗਤਾਂ ਦੀ ਸਹੂਲਤ ਲਈ ਨਵੇਂ ਇਸ਼ਨਾਨ ਘਰ ਅਤੇ ਬਾਥਰੂਮ ਬਣਵਾਏ ਗਏ ਜਿਸ ਦੀ ਸ਼ੁਰੂਆਤ ਸਮੇਂ ਅਰਦਾਸ ਕਰਦੇ ਹੋਏ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਸ੍ਰੀ ਪਹੂਵਿੰਡ ਸਾਹਿਬ ਦੀ ਪ੍ਰਬੰਧਕ ਕਮੇਟੀ ਤੇ ਹੋਰ ਸਹਿਯੋਗੀ।

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-159ਵਾਂ (2024)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**
ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਮਨ ਕਿਵੇਂ ਵੇਚਣਾ ਹੈ ਤੇ ਇੰਦਰੀਆਂ 'ਤੇ ਕੰਟਰੋਲ ਕਿਸ ਤਰ੍ਹਾਂ ਕਰਨਾ ਹੈ? 5
- ਨੌਂਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 15
- ਜ਼ਿੰਦਗੀ ਦੀਆਂ ਬਰੀਕੀਆਂ 18
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 19
- ਅਧਿਆਤਮਿਕ ਵਿਚਾਰਾਂ 20
- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 21
- 6 ਪਾਤਸ਼ਾਹੀਆਂ ਦੇ ਮੁਖਾਰਬਿੰਦ 'ਚੋਂ ਬਾਬਾ ਬੁੱਢਾ ਸਾਹਿਬ ਜੀ ਦੇ ਸਨਮਾਨ ਪ੍ਰਤੀ ਕਿਹੜੇ ਬਚਨ ਨਿਕਲੇ? 24
- ਅਨਮੋਲ ਬਚਨ 33
- कितना बड़ा महात्म है जपुजी साहिब को पढ़ने व सुनने का 34
- जिंदगी की बारीकियाँ 40
- Let's Recognise the Blessings of Dhan Dhan Sri Guru Ramdas Ji! 42
- How Lachhman Dev Became Baba Banda Singh Ji Bahadar? 48

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
-ਸੰਪਾਦਕ

# ਸੰਪਾਦਕੀ

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਅੱਜ ਇੱਕ ਵਾਰ ਫਿਰ ਇਸ ਵਿਸ਼ੇ ਤੇ ਆਪਣੇ ਵਿਚਾਰਾਂ ਦਾ ਦਾਇਰਾ ਸੀਮਿਤ ਕਰਦੇ ਹਾਂ। ਵਿਸ਼ਾ ਹੈ, ਪਾਣੀ ਦੀ ਸੰਭਾਲ। ਪਾਵਨ ਗੁਰਬਾਣੀ ਰਾਹੀਂ ਵੀ ਗੁਰੂ ਸਾਹਿਬ ਨੇ ਇਸ ਦੀ ਸੰਭਾਲ ਤੇ ਜ਼ੋਰ ਦਿੱਤਾ ਹੈ। ਪਾਣੀ ਤੋਂ ਬਿਨਾਂ ਮਨੁੱਖੀ ਜੀਵਨ ਦੀ ਕਲਪਨਾ ਅਧੂਰੀ ਹੈ। ਇੰਝ ਕਹਿ ਲਓ ਕਿ ਪਾਣੀ ਤੋਂ ਬਿਨਾਂ ਮਨੁੱਖੀ ਜੀਵਨ ਸੰਭਵ ਹੀ ਨਹੀਂ ਹੈ। ਇਸ ਦੀ ਸੰਭਾਲ ਵੱਲ ਧਿਆਨ ਨਾ ਦੇਣਾ, ਇਸ ਦੀ ਵਰਤੋਂ ਵਿੱਚ ਸੰਜਮ ਨਾ ਵਰਤਣਾ, ਇਸ ਨੂੰ ਸਾਫ ਰੱਖਣ ਵਿੱਚ ਪਹਿਲਕਦਮੀ ਨਾ ਕਰਨੀ, ਇਸ ਨਾਲ ਸਾਡੇ ਮਨੁੱਖੀ ਜੀਵਨ ਤੇ ਪ੍ਰਸ਼ਨ ਚਿੰਨ੍ਹ ਲੱਗਦਾ ਜਾ ਰਿਹਾ ਹੈ। ਦੁਨੀਆਂ ਦਾ ਵੀ ਤੇ ਖਾਸ ਕਰਕੇ ਸਾਡੇ ਪੰਜਾਬ ਦਾ ਵੀ ਵਿਸ਼ੇਸ਼ ਕਰਕੇ ਬਹੁਤ ਖਿੱਤਾ ਡਾਰਕ ਜ਼ੋਨ ਅਧੀਨ ਆਉਂਦਾ ਜਾ ਰਿਹਾ ਹੈ। ਧਰਤੀ ਹੇਠੋਂ ਲਗਾਤਾਰ ਪਾਣੀ ਕੱਢਣ ਕਾਰਨ ਧਰਤੀ ਹੇਠਲਾ ਪਾਣੀ ਇੱਕ ਤਾਂ ਹੱਦੋਂ ਵੱਧ ਹੇਠਾਂ ਹੁੰਦਾ ਜਾ ਰਿਹਾ ਹੈ ਤੇ ਦੂਜਾ ਲਗਾਤਾਰ ਖਾਰਾ ਤੇ ਗੰਧਲਾ ਪਾਣੀ ਹੁੰਦਾ ਜਾ ਰਿਹਾ ਹੈ। ਪਾਣੀ ਵਿੱਚ ਆਏ ਇਸ ਵਿਗਾੜ ਕਾਰਨ ਕੈਂਸਰ ਸਮੇਤ ਅਨੇਕਾਂ ਭਿਆਨਕ ਬਿਮਾਰੀਆਂ ਸਾਹਮਣੇ ਆ ਰਹੀਆਂ ਹਨ ਅਤੇ ਕਈ ਐਸੀਆਂ ਬਿਮਾਰੀਆਂ ਵੀ ਸਾਹਮਣੇ ਆ ਰਹੀਆਂ ਹਨ ਜਿਹੜੀਆਂ ਲਾਇਲਾਜ ਹਨ। ਮੌਤ ਦੇ ਮੂੰਹ ਵਿੱਚ ਅਸੀਂ ਆਪ ਵੀ ਤੇ ਆਪਣੀ ਅੱਗੋਂ ਆਉਣ ਵਾਲੀ ਪੀੜ੍ਹੀ ਨੂੰ ਵੀ ਧਕੇਲ ਰਹੇ ਹਾਂ।

ਕੋਈ ਸਮਾਂ ਹੁੰਦਾ ਸੀ ਜਦੋਂ ਪਿੰਡਾਂ ਵਿੱਚ, ਸ਼ਹਿਰਾਂ ਵਿੱਚ ਖੂਹ ਹੁੰਦੇ ਸਨ ਤੇ ਸਾਰੇ ਇਲਾਕਾ ਨਿਵਾਸੀ ਉੱਥੋਂ ਪਾਣੀ ਭਰਦੇ ਸਨ। ਸਮੇਂ ਦੇ ਬਦਲਣ ਕਰਕੇ ਘਰਾਂ-ਘਰਾਂ ਵਿੱਚ ਟੂਟੀਆਂ ਲੱਗ ਗਈਆਂ ਹਨ ਪਰ ਜਿਵੇਂ-ਜਿਵੇਂ ਸਮਾਂ ਬੀਤਦਾ ਜਾ ਰਿਹਾ ਹੈ, ਇਨਸਾਨ ਆਪਣੇ ਫਰਜ਼ਾਂ ਤੋਂ ਅਵੇਸਲਾ ਹੁੰਦਾ ਜਾ ਰਿਹਾ ਹੈ। ਵੱਡੀਆਂ-ਵੱਡੀਆਂ ਸਮਰਸੀਬਲ ਮਸ਼ੀਨਾਂ ਰਾਹੀਂ ਪਾਣੀ ਖਤਮ ਕਰਨ ਦੀ ਇੱਕ ਹੋੜ੍ਹ ਜਿਹੀ ਹੀ ਲੱਗ ਗਈ ਹੈ। ਸੋਚੀਏ, ਉਹ ਸਮਾਂ ਕਿੰਨਾ ਭਿਆਨਕ ਹੋਵੇਗਾ, ਜਦ ਹੱਥ ਸੁੱਚੇ ਕਰਨ ਲਈ ਵੀ ਸਾਡੇ ਕੋਲ ਪਾਣੀ ਨਹੀਂ ਹੋਵੇਗਾ। ਇਸ ਲਈ ਵਾਰ-ਵਾਰ ਬੇਨਤੀ ਹੈ ਕਿ ਆਪਣੇ ਆਪ ਨੂੰ ਸੰਭਾਲੀਏ। ਹਰ ਕੰਮ ਦੀ ਸ਼ੁਰੂਆਤ ਇੱਕ ਛੋਟੇ ਜਿਹੇ ਕਦਮ ਤੋਂ ਹੀ ਹੁੰਦੀ ਹੈ, ਫਿਰ ਉਹ ਅੱਗੇ ਜਾ ਕੇ ਮਹਾਂ ਅਭਿਆਨ ਬਣਦਾ ਹੈ। ਘਰਾਂ ਵਿੱਚ, ਆਪਣੇ ਕਿਰਤ ਸਥਾਨਾਂ ਤੇ, ਧਾਰਮਿਕ ਅਸਥਾਨਾਂ ਤੇ ਹੱਥ ਵੀ ਧੋਣੇ ਹੋਣ ਤੇ ਸਾਬਣ ਹੱਥ ਤੇ ਮੱਲ੍ਹਦਿਆਂ ਵੀ ਟੂਟੀ ਵਿੱਚੋਂ ਪਾਣੀ ਨਿਰੰਤਰ ਵਗਦਾ ਰਹਿੰਦਾ ਹੈ। ਕਿੰਨੇ ਲੀਟਰ ਪਾਣੀ ਦੀ ਬਰਬਾਦੀ ਅਸੀਂ ਹਰ ਰੋਜ਼ ਇਸੇ ਤਰ੍ਹਾਂ ਹੀ ਕਰ ਦਿੰਦੇ ਹਾਂ। ਜੇਕਰ ਹੱਥ ਤੇ ਸਾਬਣ ਲਗਾ ਰਹੇ ਹਾਂ ਤਾਂ ਓਨੇ ਸਮੇਂ ਲਈ ਟੂਟੀ ਬੰਦ ਕਰ ਦੇਈਏ। ਇਹ ਛੋਟਾ ਜਿਹਾ ਕਦਮ ਕਿੰਨੇ ਲੀਟਰ ਪਾਣੀ ਦੀ ਬੱਚਤ ਕਰ ਸਕਦਾ ਹੈ। ਜਦੋਂ ਪਾਣੀ ਪੀਣਾ ਹੈ ਤਾਂ ਉਨਾ ਕੁ ਹੀ ਗਿਲਾਸ ਵਿੱਚ ਪਾਈਏ ਜਿੰਨਾ ਕੁ ਲੋੜ ਹੈ। ਥੋੜ੍ਹਾ ਜਿਹਾ ਪਾਣੀ ਪੀ ਕੇ ਬਾਕੀ ਸੁੱਟ ਦੇਣਾ, ਇਸ ਨਾਲ ਕਿੰਨੀ ਪਾਣੀ ਦੀ ਬਰਬਾਦੀ ਹੁੰਦੀ ਹੈ। ਇਸ ਤਰ੍ਹਾਂ ਦੇ ਛੋਟੇ-ਛੋਟੇ ਚੁੱਕੇ ਕਦਮ ਸਾਨੂੰ ਪਾਣੀ ਦੀ ਸੰਭਾਲ ਵੱਲ ਲੈ ਕੇ ਜਾਣਗੇ। ਇਸੇ ਤਰ੍ਹਾਂ ਸਾਡੀਆਂ ਫੈਕਟਰੀਆਂ ਦਾ ਬਹੁਤ ਸਾਰਾ ਗੰਧਲਾ ਪਾਣੀ ਦਰਿਆਵਾਂ ਵਿੱਚ ਮਿਕਸ ਹੋ ਕੇ ਉਨ੍ਹਾਂ ਨੂੰ ਲਗਾਤਾਰ ਪ੍ਰਦੂਸ਼ਿਤ ਕਰ ਰਿਹਾ ਹੈ।

ਸੱਤ ਦਰਿਆਵਾਂ ਦੀ ਧਰਤੀ ਸਪਤ ਸਿੰਧੂ, ਸਮੇਂ ਨਾਲ ਪੰਜ ਦਰਿਆਵਾਂ ਦੀ ਹੋ ਕੇ ਪੰਜਾਬ ਬਣਿਆ ਤੇ ਹੁਣ ਤਿੰਨ ਦਰਿਆ ਹੀ ਰਹਿ ਗਏ ਹਨ ਤੇ ਇੱਕ ਵੀ ਦਰਿਆ ਦਾ ਪਾਣੀ ਸਾਫ ਨਹੀਂ। ਹਰ ਫੈਕਟਰੀ ਮਾਲਕ ਆਪਣਾ ਇਖਲਾਕੀ ਫਰਜ਼ ਸਮਝਦੇ ਹੋਏ ਫੈਕਟਰੀ ਵਿੱਚ ਟਰੀਟਮੈਂਟ ਪਲਾਂਟ ਲਗਾਵੇ ਤੇ ਸਾਫ ਪਾਣੀ ਦੀ ਡਿਸਪੋਜ਼ਲ ਕਰੇ। ਸਾਡੀ ਵਰਤੀ ਹੋਈ ਇੱਕ-ਇੱਕ ਲਾਪਰਵਾਹੀ ਕਾਰਨ ਕੁਦਰਤ ਕਦੇ ਸਾਨੂੰ ਮਾਫ਼ ਨਹੀਂ ਕਰੇਗੀ ਤੇ ਇਸ ਦੇ ਨਤੀਜੇ ਵੀ ਅਸੀਂ ਜਾਂ ਸਾਡੀਆਂ ਪੀੜ੍ਹੀਆਂ ਹੀ ਭੁਗਤਣਗੀਆਂ। ਇਸ ਲਈ ਆਓ ਰਲ ਕੇ ਹੰਭਲਾ ਮਾਰੀਏ, ਗੁਰਬਾਣੀ ਦੇ ਆਸ਼ੇ ਨੂੰ ਮੁੱਖ ਰੱਖਦਿਆਂ ਪਾਣੀ ਦੀ ਸੰਭਾਲ, ਇਸ ਦੀ ਸਫਾਈ ਵੱਲ ਧਿਆਨ ਦੇਈਏ। ਸੰਜਮ ਬਹੁਤ ਜ਼ਰੂਰੀ ਹੈ ਤੇ ਸੰਜਮ ਨਾਲ ਪਾਣੀ ਵਰਤਣ ਨਾਲ ਅਸੀਂ ਬਹੁਤ ਪਾਣੀ ਦਾ ਬਚਾਅ ਕਰ ਸਕਦੇ ਹਾਂ। ਸਾਡਾ ਚੁੱਕਿਆ ਇੱਕ-ਇੱਕ ਕਦਮ ਸਾਡੀਆਂ ਪੀੜ੍ਹੀਆਂ ਲਈ ਵਰਦਾਨ ਸਾਬਤ ਹੋਵੇਗਾ। ਇਸ ਲਈ ਅਵੇਸਲੇ ਨਾ ਹੋਈਏ ਤੇ ਅੱਜ ਤੋਂ ਇਸ ਵਾਸਤੇ ਕਮਰਕੱਸੇ ਕਰ ਲਈਏ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

# ਮਨ ਕਿਵੇਂ ਵੇਚਣਾ ਹੈ ਤੇ ਇੰਦਰੀਆਂ 'ਤੇ ਕੰਟਰੋਲ ਕਿਸ ਤਰ੍ਹਾਂ ਕਰਨਾ ਹੈ?

*—ਜਸਵਿੰਦਰ ਸਿੰਘ (ਪਟਿਆਲਾ)*

*(ਕੈਸੇਟ ਨੰ. 10)*

***ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥***

*(ਅੰਗ ੨੮੬)*

ਸਾਧ ਸੰਗਤ ਜੀ ਗੁਰੂ ਸਾਹਿਬ ਦੀ ਗੋਦ ਵਿੱਚ ਬੈਠੇ ਹੋ, ਐਸੀ ਭਾਵਨਾ ਨਾਲ ਬੈਠਿਓ ਕਿ ਮਨ ਇੱਕ ਅੱਗੇ ਵੇਚਣਾ ਹੈ ਜਿਵੇਂ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਸਾਨੂੰ ਜਾਚ ਸਿਖਾਈ ਹੈ, ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅੱਗੇ ਮਨ ਵੇਚਣ ਦੀ। ਮਨ ਵੇਚਣ ਵਾਲੇ ਗੁਰੂ ਘਰ ਦੇ ਪਹਿਲੇ ਸਿੱਖ ਹੋਏ ਹਨ- ਭਾਈ ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ)। ਜਿਨ੍ਹਾਂ ਨੇ ਦੱਸ ਦਿੱਤਾ ਜਗਤ ਨੂੰ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕੌਣ ਹਨ?

ਗੁਰੂ ਪਿਆਰਿਓ, ਸਾਡੇ ਸਾਰਿਆਂ ਦੇ ਸਰੀਰ ਵਿੱਚ ਅੱਖਾਂ ਦੀਆਂ ਇੰਦਰੀਆਂ ਵੀ ਨੇ, ਹੋਰ ਵੀ ਨੇ ਪਰ ਦੋ ਚੀਜ਼ਾਂ ਦਾ ਬਹੁਤ ਖਿਆਲ ਰੱਖਿਆ ਕਰੋ। ਇਨ੍ਹਾਂ ਦੋ ਚੀਜ਼ਾਂ ਦਾ ਸਾਡੇ ਸਰੀਰ ਵਿੱਚ ਬੜਾ ਵੱਡਾ ਰੋਲ ਹੈ। ਇੱਕ ਹੈ ਰਸਨਾ ਤੇ ਦੂਸਰਾ ਹੈ ਮਨ। ਇਨ੍ਹਾਂ ਦਾ ਬਹੁਤ ਵੱਡਾ ਰੋਲ ਹੈ। ਹੁਣ ਕੋਈ ਨੂੰਹ ਸੰਗਤ ਵਿੱਚ ਬੈਠੀ ਹੋਵੇ ਤੇ ਆਪਣੇ ਘਰ ਜਾ ਕੇ ਰਸਨਾ 'ਤੇ ਜ਼ਰਾ ਜਿੰਨਾ ਕੰਟਰੋਲ ਕਰ ਲਵੇ ਤੇ ਜਦੋਂ ਕੋਈ ਗਲਤੀ ਹੋ ਜਾਵੇ ਤੇ ਆਪਣੀ ਗਲਤੀ ਮੰਨ ਕੇ ਇੰਨਾ ਹੀ ਆਖ ਦੇਵੇ ਕਿ ਚੰਗਾ ਜੀ, ਗਲਤੀ ਹੋ ਗਈ ਤੇ ਕਈ-ਕਈ ਸਾਲਾਂ ਦੀਆਂ ਪਈਆਂ ਕੰਧਾਂ ਵੀ ਡਿੱਗ ਪੈਂਦੀਆਂ ਹਨ। ਰਸਨਾ ਦਾ ਇੰਨਾ ਵੱਡਾ ਸਥਾਨ ਹੈ। ਤੁਸੀਂ ਚਾਹੋ ਤਾਂ ਇਸ ਰਸਨਾ ਨਾਲ ਕੰਧਾਂ ਪੁਆ ਲਓ, ਚਾਹੋ ਤਾਂ ਪਾੜੇ ਪੁਆ ਲਓ, ਚਾਹੋ ਤਾਂ ਇਸੇ ਰਸਨਾ ਨਾਲ ਟੁੱਟਿਆਂ ਨੂੰ ਜੋੜ ਲਓ। ਰਸਨਾ ਦਾ ਬਹੁਤ ਵੱਡਾ ਰੋਲ ਹੈ।

ਇਹ ਧਿਆਨ ਦੇਣਾ ਕਿ ਕ੍ਰੋਧ ਕਿੱਥੋਂ ਪ੍ਰਗਟ ਹੁੰਦਾ ਹੈ? **ਬਾਬਾ ਜੀ ਦਾ ਬਚਨ ਹੈ ਕਿ ਇਹ ਕ੍ਰੋਧ ਸਰੀਰ ਵਿੱਚੋਂ ਰਸਨਾ ਰਾਹੀਂ ਪ੍ਰਗਟ ਹੁੰਦਾ ਹੈ। ਕਦੀ ਵੀ ਨੋਟ ਕਰ ਸਕਦੇ ਹੋ।** ਯਤਨ ਕਰੋ ਕਿ ਵੱਧ ਤੋਂ ਵੱਧ ਇਨ੍ਹਾਂ ਦੋਹਾਂ ਇੰਦਰੀਆਂ ਤੇ ਕੰਟਰੋਲ ਰੱਖਿਆ ਜਾਵੇ।

ਇਹ ਇਤਿਹਾਸਿਕ ਗਵਾਹੀ ਹੈ ਸ੍ਰੀ ਗੁਰੂ ਅਮਰਦਾਸ ਜੀ ਨੇ ਆਖਿਆ ਸੀ ਕਿ ਬੱਚੀ ਭਾਨੀ! ਮੈਂ ਵਿਆਹ ਵਿੱਚ ਤੈਨੂੰ ਕਿਹੜਾ ਦਾਜ ਦੇਵਾਂ? ਕਿਉਂਕਿ ਜਿਹੜੀ ਚੀਜ਼ ਵੀ ਦਿੰਦਾ ਹਾਂ, ਉਹ ਬਿਨਸ (ਨਸ਼ਟ) ਜਾਣੀ ਹੈ ਅਤੇ ਫਿਰ ਕਹਿਣ ਲੱਗੇ ਕਿ ਪੁੱਤਰੀ! ਇਹ ਤਿੰਨ 'ਭੱਭੇ' ਦਾਜ ਵਿੱਚ ਦੇ ਰਿਹਾ ਹਾਂ, ਇਹ ਸੰਭਾਲ ਕੇ ਰੱਖੀਂ ਤੇ ਤੇਰਾ ਲੋਕ ਵੀ ਸੁਖੀ ਹੋ ਜਾਵੇਗਾ ਤੇ ਪਰਲੋਕ ਵੀ। ਬੀਬੀ ਭਾਨੀ ਜੀ ਜਿਨ੍ਹਾਂ ਦਾ ਇਤਿਹਾਸ ਵਿੱਚ ਬੜਾ ਵੱਡਾ ਦਰਜਾ ਹੈ। ਬੀਬੀ ਭਾਨੀ ਜੀ ਜਿਨ੍ਹਾਂ ਦੇ ਪਿਤਾ ਵੀ ਗੁਰੂ, ਪਤੀ ਵੀ ਗੁਰੂ, ਪੁੱਤਰ ਵੀ ਗੁਰੂ ਅਤੇ ਅੱਗੋਂ ਪੋਤਰਾ ਵੀ ਗੁਰੂ। ਪਿਤਾ ਵੀ ਗੁਰੂ- ਧੰਨ ਸ੍ਰੀ ਗੁਰੂ ਅਮਰਦਾਸ

ਜੀ, ਪਤੀ ਵੀ ਗੁਰੂ- ਧੰਨ ਸ੍ਰੀ ਗੁਰੂ ਰਾਮਦਾਸ ਜੀ, ਪੁੱਤਰ ਵੀ ਗੁਰੂ- ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, ਪੋਤਰਾ ਵੀ ਗੁਰੂ- ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਅੱਗੇ ਪੜਪੋਤਰਾ ਵੀ ਗੁਰੂ- ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਅੱਗੋਂ ਪੜਪੋਤਰੇ ਦੇ ਸਪੁੱਤਰ ਵੀ ਗੁਰੂ- ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ।

ਸੋ ਬੀਬੀ ਭਾਨੀ ਜੀ ਕਹਿਣ ਲੱਗੇ, ਆਪਣੇ ਪਿਤਾ ਗੁਰੂ ਨੂੰ ਕਿ ਤਿੰਨ ਭੱਭੇ ਕਿਹੜੇ? ਸਤਿਗੁਰੂ ਜੀ, ਮੈਂ ਮਤਲਬ ਨਹੀਂ ਸਮਝੀ। ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਹਿਣ ਲੱਗੇ, ਇਹ ਤਿੰਨ ਭੱਭੇ ਦਾਜ ਵਿੱਚ ਦੇਣ ਨੂੰ ਚਿੱਤ ਕਰਦਾ ਹੈ, ਸੰਭਾਲ ਕੇ ਰੱਖੀਂ। ਸਤਿਗੁਰੂ ਜੀ ਇਨ੍ਹਾਂ ਦਾ ਮਤਲਬ ਵੀ ਸਮਝਾਓ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਹਿਣ ਲੱਗੇ, ਬੱਚੀ ਭਾਨੀ। ਇਹ ਤਿੰਨ ਭੱਭੇ ਦਾਜ ਵਿੱਚ ਨਾਲ ਲੈ ਕੇ ਜਾਈਂ। ਪਹਿਲਾ ਭੱਭਾ- 'ਭ' ਭੁੱਲ ਗਈ ਜੀ। ਦੂਜਾ ਭੱਭਾ- 'ਭ' ਭਲਾ ਜੀ ਅਤੇ ਤੀਸਰਾ ਭੱਭਾ- 'ਭ' ਭਾਣਾ ਜੀ। ਧਿਆਨ ਦੇਣਾ ਸੰਗਤ ਜੀ, ਦੋ ਭੱਭਿਆਂ ਦਾ ਸੰਬੰਧ ਰਸਨਾ ਨਾਲ ਹੈ। ਐ ਬੱਚੀ ਭਾਨੀ! ਜੇਕਰ ਘਰ ਵਿੱਚ ਕੋਈ ਗੱਲਬਾਤ ਹੋ ਜਾਵੇ ਤਾਂ ਬਹੁਤੀ ਬਹਿਸ ਵਿੱਚ ਨਾ ਪਵੀਂ। ਇਹ ਕਹਿ ਦੇਵੀਂ, 'ਭ' ਭੁੱਲ ਗਈ ਜੀ। ਇਸ ਰਸਨਾ ਵਿੱਚ ਇੰਨਾ ਕੁ 'ਭ' ਸੰਭਾਲ ਕੇ ਰੱਖੇਂਗੀ ਤਾਂ ਘਰ ਸਵਰਗ ਹੈ। ਦੂਜੇ ਦਾ ਤਾਅਲੁੱਕ ਵੀ ਰਸਨਾ ਨਾਲ ਹੈ। ਜੇ ਘਰ ਵਿੱਚ ਕੋਈ ਸਰੀਰ ਕਹਿ ਦੇਵੇ ਕਿ ਇਹ ਕੰਮ ਕਰਨਾ ਹੈ ਔਰ ਉਹ ਕੰਮ ਯੋਗ ਨਾ ਹੋਣ, ਚਿੱਤ ਨਾ ਕਰੇ ਕਰਨ ਨੂੰ ਤਾਂ ਅੱਗੋਂ ਜਵਾਬ ਨਾ ਦੇਈਂ ਤੇ ਮੌਕਾ ਸੰਭਾਲਣ ਲਈ ਕਹਿ ਦੇਈਂ, ਭਲਾ ਜੀ। ਤੀਸਰੇ 'ਭ' ਦਾ 'ਭ' ਦਾ ਤਾਅਲੁੱਕ ਰਸਨਾ ਨਾਲ ਨਹੀਂ, ਮੰਨਣ ਨਾਲ ਏ- 'ਭ' ਭਾਣਾ ਜੀ। ਦਾਸ ਨੇ ਇਤਿਹਾਸਿਕ ਗਵਾਹੀ ਤੁਹਾਡੇ ਚਰਨਾਂ ਵਿੱਚ ਤਾਂ ਰੱਖੀ ਹੈ ਕਿਉਂਕਿ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਤਿੰਨ ਭੱਭੇ ਬੱਚੀ (ਬੀਬੀ) ਭਾਨੀ ਜੀ ਨੂੰ ਦਿੱਤੇ, ਦੋ ਭੱਭਿਆਂ ਦਾ ਸੰਬੰਧ ਰਸਨਾ ਨਾਲ ਹੈ। ਸਾਰੀ ਸੰਗਤ ਇਹ ਪ੍ਰਣ ਕਰੋ ਕਿ ਰਸਨਾ ਦੀ ਇੰਦਰੀ ਤੇ ਕੰਟਰੋਲ ਕਰਨਾ ਹੈ।

ਇਹ ਰਸਨਾ ਫਿਰ ਘਰ ਵਿੱਚ ਵੀ ਮਿਠਾਸ ਘੋਲੇ, ਸਮਾਜ ਵਿੱਚ ਵੀ ਮਿਠਾਸ ਘੋਲੇ, ਗੁਰਦੁਆਰੇ ਵਿੱਚ ਵੀ ਮਿਠਾਸ ਘੋਲੇ ਤੇ ਫਿਰ ਹੌਲੀ-ਹੌਲੀ ਜਿੱਥੇ-ਜਿੱਥੇ ਡਿਊਟੀ ਲਵੇ, ਉੱਥੇ-ਉੱਥੇ ਵੀ ਮਿਠਾਸ ਹੀ ਵੰਡੇ। ਜੇ ਔਖਾ ਜਾਪੇ ਤਾਂ ਘਬਰਾ ਨਾ ਜਾਣਾ, ਸੱਤ-ਸੱਤ ਦਿਨਾਂ ਦਾ ਆਪਣੇ ਤੇ ਬੈਨ ਲਗਾ ਲਿਆ ਕਰੋ ਕਿ ਸੱਤ ਦਿਨ ਗੁੱਸੇ ਨਾਲ ਨਹੀਂ ਬੋਲਣਾ, ਤਿੰਨ ਦਿਨ ਗੁੱਸੇ ਨਾਲ ਨਹੀਂ ਬੋਲਣਾ। ਇਸ ਤਰ੍ਹਾਂ ਆਪਣੇ ਤੇ ਬੈਨ ਲਗਾ ਲਓਗੇ ਤਾਂ ਫਿਰ ਹੌਲੀ-ਹੌਲੀ ਤੁਰ ਪਾਓਗੇ। ਰਸਨਾ ਦੀ ਇੰਦਰੀ ਦਾ ਬੜਾ ਵੱਡਾ ਤਾਅਲੁੱਕ ਹੈ। ਰਸਨਾ ਵਿੱਚੋਂ ਨਿਕਲਿਆ ਹੋਇਆ ਇੱਕ ਗਲਤ ਬੋਲ ਇੱਕ ਸਕਿੰਟ ਵਿੱਚ ਤੁਹਾਡੇ ਘਰ ਨੂੰ ਨਰਕ ਬਣਾ ਸਕਦਾ ਹੈ। ਰਸਨਾ ਵਿੱਚੋਂ ਨਿਕਲਿਆ ਹੋਇਆ ਮਿੱਠਾ ਬੋਲ ਇੱਕ ਸਕਿੰਟ ਵਿੱਚ ਤੁਹਾਡੇ ਘਰ ਨੂੰ ਸਵਰਗ ਬਣਾ ਸਕਦਾ ਹੈ। ਭਾਵੇਂ ਥੋੜ੍ਹੇ ਦਿਨਾਂ ਦਾ ਆਪਣੇ ਤੇ ਬੈਨ ਲਗਾ ਲਿਆ ਕਰੋ। ਫਿਰ ਤੁਰ ਪਾਓਗੇ।

ਦਾਸ ਨੂੰ ਇੱਕ ਗੱਲ ਯਾਦ ਆ ਗਈ। ਇੱਕ ਗੱਡੀ ਦੇ ਟੀ.ਟੀ. ਨੇ ਇੱਕ ਰਸਾਲੇ ਵਿੱਚ ਆਪਣੀ ਹੱਡ-ਬੀਤੀ ਲਿਖੀ ਸੀ। ਦਾਸ ਨੇ ਪੜ੍ਹੀ, ਆਪ ਜੀ ਨਾਲ ਸਾਂਝੀ ਕਰਨ ਲੱਗਾ ਹਾਂ। ਉਸ ਟੀ.ਟੀ. ਨੇ ਲਿਖਿਆ ਕਿ ਇੱਕ ਦਿਨ ਮੈਂ ਗੱਡੀ ਵਿੱਚ ਟਿਕਟਾਂ ਚੈੱਕ ਕਰ ਰਿਹਾ ਸੀ ਤੇ ਗੱਡੀ ਵਿੱਚ ਉਸ ਸਮੇਂ ਹਿੰਦੂ ਧਰਮ ਦੇ ਸੰਤ ਲੀਲਾ ਸ਼ਾਹ ਵੀ ਗੱਡੀ ਵਿੱਚ ਸਫਰ ਕਰ ਰਹੇ ਸਨ। 10-12 ਸੇਵਕ ਵੀ ਉਨ੍ਹਾਂ ਦੇ ਨਾਲ ਸਨ। ਬੜਾ ਇਲਾਹੀ ਨੂਰ ਸੀ ਉਨ੍ਹਾਂ ਦੇ ਚਿਹਰੇ 'ਤੇ। ਉਹ ਟੀ.ਟੀ. ਕਹਿੰਦਾ ਹੈ ਕਿ ਮੈਂ ਉਨ੍ਹਾਂ ਨੂੰ ਜਾਣਦਾ

ਨਹੀਂ ਸੀ। ਉਨ੍ਹਾਂ ਦੇ ਸੇਵਕ ਨੂੰ ਪੁੱਛ ਲਿਆ ਤਾਂ ਸੇਵਕ ਨੇ ਦੱਸਿਆ ਕਿ ਇਹ ਸੰਤ ਲੀਲਾ ਸ਼ਾਹ ਜੀ ਹਨ। ਮੈਂ ਵੀ ਸੁਭਾਵਿਕ ਹੀ ਉਨ੍ਹਾਂ ਨੂੰ ਕਹਿ ਦਿੱਤਾ, ਮਹਾਂਪੁਰਸ਼ੋ! ਮੇਰੇ ’ਤੇ ਵੀ ਕਿਰਪਾ ਕਰੋ, ਮੈਨੂੰ ਵੀ ਅਸੀਸ ਦਿਓ, ਪਰ ਉਹ ਚੁੱਪ ਰਹੇ, ਕੁਝ ਨਾ ਬੋਲੇ। ਫਿਰ ਜਦੋਂ ਮੈਂ ਆਪਣੀ ਗੱਲ 2-3 ਵਾਰੀ ਦੁਹਰਾਈ ਤਾਂ ਉਹ ਕਹਿਣ ਲੱਗੇ, ਅਸੀਸ ਫਰੀ ਵਿੱਚ ਨਹੀਂ ਮਿਲਦੀ, ਭੇਟਾ ਲੱਗਦੀ ਹੈ। ਜੇ ਤੂੰ ਰੱਬ ਦੇ ਘਰ ਵਿੱਚੋਂ ਅਸੀਸ ਲੈਣੀ ਚਾਹੁੰਦਾ ਹੈਂ ਤਾਂ ਸਾਨੂੰ ਇਹ ਭੇਟਾ ਦੇ ਕਿ ਮੈਂ ਅੱਜ ਤੋਂ ਕ੍ਰੋਧ ਨਹੀਂ ਕਰਾਂਗਾ। ਉਹ ਟੀ.ਟੀ. ਲਿਖਦਾ ਹੈ ਕਿ ਮੈਂ ਹੱਥ ਖੜ੍ਹੇ ਕਰ ਦਿੱਤੇ, ਮੈਂ ਕਿਹਾ ਅਸੀਸ ਦੇਣੀ ਜੇ ਤੇ ਦਿਓ ਨਹੀਂ ਤੇ ਨਾ ਦਿਓ, ਪਰ ਮੈਂ ਕ੍ਰੋਧ ਨਹੀਂ ਛੱਡ ਸਕਦਾ।

ਇੱਥੇ ਇੱਕ ਗੱਲ ਯਾਦ ਰੱਖਿਓ, ਜਿਹੜਾ ਪੂਰਨ ਮਹਾਂਪੁਰਸ਼ ਹੁੰਦਾ ਹੈ, ਉਹ ਜਦੋਂ ਇਹ ਦੇਖਦਾ ਹੈ ਕਿ ਸੌਦਾ ਨਹੀਂ ਵਿਕ ਰਿਹਾ ਤਾਂ ਰੇਟ ਘਟਾ ਦਿੰਦਾ ਹੈ, ਕਿਉਂਕਿ ਉਨ੍ਹਾਂ ਦਾ ਕੰਮ ਹੁੰਦਾ ਹੈ ਜਗਤ ਨੂੰ ਸਹੀ ਰਾਹ ’ਤੇ ਤੋਰਨਾ। ਸੰਤ ਜੀ ਕਹਿੰਦੇ ਹਨ, ਅਸੀਂ ਤੈਨੂੰ ਰਿਆਇਤ ਕਰ ਦਿੰਦੇ ਹਾਂ। ਟੀ.ਟੀ. ਕਹਿੰਦਾ ਹੈ ਕਿ ਰਿਆਇਤ, ਉਹ ਕਿਵੇਂ? ਸੰਤ ਜੀ ਕਹਿੰਦੇ ਕਿ ਜੇ ਤੂੰ ਹਮੇਸ਼ਾ ਵਾਸਤੇ ਕ੍ਰੋਧ ਨਹੀਂ ਛੱਡ ਸਕਦਾ ਤਾਂ 7 ਦਿਨਾਂ ਲਈ ਹੀ ਛੱਡ ਦੇ। ਜਦੋਂ ਉਨ੍ਹਾਂ ਨੇ ਇਹ ਗੱਲ ਕਹੀ ਤਾਂ ਟੀ.ਟੀ. ਕਹਿੰਦਾ ਹੈ ਕਿ ਮੈਂ ਮਨ ਵਿੱਚ ਸੋਚਿਆ 7 ਦਿਨ ਤਾਂ ਕੱਟ ਹੀ ਲਵਾਂਗੇ, ਔਖੇ-ਸੌਖੇ ਹੋ ਕੇ। ਜਦੋਂ ਮੈਂ ਸੰਤਾਂ ਦਾ ਬਚਨ ਮੰਨ ਕੇ ਪ੍ਰਵਾਨਗੀ ਦਿੱਤੀ ਤਾਂ ਉਨ੍ਹਾਂ ਨੇ ਪ੍ਰਸੰਨਤਾ ਦੇ ਘਰ ਵਿੱਚ ਆ ਕੇ ਮੇਰੇ ਸਿਰ ’ਤੇ ਹੱਥ ਰੱਖਿਆ ਤੇ ਮੈਨੂੰ ਅਸੀਸ ਵੀ ਦਿੱਤੀ। ਹੁਣ ਸੰਤ ਤਾਂ ਗੱਡੀ ਤੋਂ ਉੱਤਰ ਕੇ ਆਪਣੇ ਟਿਕਾਣੇ ਚਲੇ ਗਏ ਤੇ ਉਸ ਟੀ.ਟੀ. ਨੇ ਆਪਣੇ ’ਤੇ ਕ੍ਰੋਧ ਛੱਡਣ ਦਾ ਬੈਨ ਲਗਾਇਆ ਸੀ, ਉਸ ਦਾ ਤੀਸਰਾ ਦਿਨ ਸੀ। ਉਹ ਆਪਣੀ ਡਿਊਟੀ ਮੁਤਾਬਿਕ ਗੱਡੀ ਵਿੱਚ ਯਾਤਰੂਆਂ ਦੀਆਂ ਟਿਕਟਾਂ ਚੈੱਕ ਕਰ ਰਿਹਾ ਸੀ। ਰਾਤ ਦੇ ਕੋਈ 10 ਵਜੇ ਦਾ ਸਮਾਂ ਸੀ, ਉਤਲੀ ਸੀਟ ’ਤੇ ਇੱਕ ਮੁਸਾਫ਼ਰ ਸੁੱਤਾ ਪਿਆ ਸੀ। ਟੀ.ਟੀ. ਨੇ ਉਸਨੂੰ ਹਿਲਾ ਕੇ ਟਿਕਟ ਚੈੱਕ ਕਰਵਾਉਣ ਲਈ ਕਿਹਾ ਤਾਂ ਉਹ ਮੁਸਾਫਰ ਜਿਸ ਦੀ ਆਪਣੀ ਰਸਨਾ ਤੇ ਕੰਟਰੋਲ ਨਹੀਂ ਸੀ, ਟੀ.ਟੀ. ਨੂੰ ਟੁੱਟ ਕੇ ਪੈ ਗਿਆ ਤੇ ਕ੍ਰੋਧ ਵਿੱਚ ਆ ਕੇ ਕਹਿਣ ਲੱਗਾ, ਜਦੋਂ ਦਿਲ ਕਰਦਾ ਹੈ, ਮੂੰਹ ਚੁੱਕ ਕੇ ਆ ਜਾਂਦੇ ਹਨ ਟਿਕਟ ਚੈੱਕ ਕਰਨ, ਸਵੇਰ ਦਾ ਥੱਕਾ ਹਾਰਾ ਹੁਣੇ ਸੁੱਤਾ ਹੀ ਸੀ ਕਿ ਆ ਕੇ ਉੱਠਾ ਦਿੱਤਾ ਹੈ। ਕੋਈ ਟਾਈਮ ਨਹੀਂ ਤੁਹਾਡਾ ਵੀ ਟਿਕਟ ਚੈੱਕ ਕਰਨ ਦਾ, ਇਹ ਵੀ ਨਹੀਂ ਵੇਖਦੇ ਕਿ ਬੰਦਾ ਸੁੱਤਾ ਹੈ ਤੇ ਥੋੜ੍ਹਾ ਰੁਕ ਕੇ ਟਿਕਟ ਚੈੱਕ ਕਰ ਲਵਾਂ।

ਉਹ ਟੀ.ਟੀ. ਮਨ ਵਿੱਚ ਸੋਚਣ ਲੱਗਾ ਕਿ ਮੈਂ ਟਿਕਟ ਚੈੱਕਰ ਹਾਂ। ਮੇਰੀ ਮਰਜ਼ੀ ਹੈ, ਮੈਂ ਜਿਸ ਵੇਲੇ ਮਰਜ਼ੀ ਟਿਕਟ ਚੈੱਕ ਕਰਾਂ। ਮੇਰੀ ਇੰਨੀਆਂ ਸਾਰੀਆਂ ਸਵਾਰੀਆਂ ਸਾਹਮਣੇ ਕੁਬੋਲ ਬੋਲ ਕੇ ਬੇਇੱਜ਼ਤੀ ਕੀਤੀ ਹੈ। ਉਹ ਕਹਿੰਦਾ ਹੈ ਕਿ ਮੈਂ ਕ੍ਰੋਧ ਨਾਲ ਜਵਾਬ ਦੇਣ ਹੀ ਲੱਗਾ ਸੀ ਸਵਾਰੀ ਨੂੰ ਕਿ ਨਾਲ ਹੀ ਮਹਾਂਪੁਰਸ਼ਾਂ ਨੂੰ ਦਿੱਤਾ ਬਚਨ ਯਾਦ ਆ ਗਿਆ ਕਿ ਮੈਂ 7 ਦਿਨ ਕ੍ਰੋਧ ਨਹੀਂ ਕਰਨਾ ਤੇ ਅਜੇ ਤਾਂ ਤੀਸਰਾ ਦਿਨ ਹੀ ਹੈ। ਇਹ ਯਾਦ ਆਉਂਦੇ ਹੀ ਪੂਰੀ ਕੋਸ਼ਿਸ਼ ਕਰਕੇ ਮੈਂ ਗੁੱਸੇ ਨੂੰ ਪੀ ਲਿਆ ਤੇ ਆਪਣੀ ਰਸਨਾ ’ਤੇ ਕਾਬੂ ਕੀਤਾ ਤੇ ਸਵਾਰੀ ਨੂੰ ਆਖਿਆ ਕਿ ਮੈਂ ਤੁਹਾਡੀ ਨੀਂਦ ਖਰਾਬ ਕੀਤੀ ਹੈ, ਮੈਨੂੰ ਮਾਫੀ ਦੇ ਦੇਣੀ ਤੇ ਤੁਸੀਂ ਜਦੋਂ ਕਹੋਗੇ ਮੈਂ ਉਸ ਸਮੇਂ ਆ ਕੇ ਤੁਹਾਡੀ ਟਿਕਟ ਚੈੱਕ ਕਰ ਲਵਾਂਗਾ। ਇਹ ਲਫਜ਼ ਸੁਣਦਿਆਂ ਹੀ ਉਸ ਬੰਦੇ ਦਾ ਵੀ ਗੁਸਾ ਉੱਤਰ ਗਿਆ ਤੇ ਉਹ ਝੱਟ ਆਪਣੀ ਸੀਟ ਤੋਂ ਉੱਤਰ ਕੇ ਥੱਲੇ ਆਇਆ ਤੇ ਕਹਿਣ ਲੱਗਾ, ਮੈਂ ਨੀਂਦਰ ਵਿੱਚ ਪਤਾ ਨਹੀਂ ਤੁਹਾਨੂੰ ਕੀ ਕੁਝ ਬੋਲ ਦਿੱਤਾ ਹੈ, ਮਾਫ਼ੀ

ਤਾਂ ਮੈਨੂੰ ਮੰਗਣੀ ਚਾਹੀਦੀ ਹੈ ਤੁਹਾਡੇ ਕੋਲੋਂ, ਉਲਟਾ ਤੁਸੀਂ ਮੇਰੇ ਕੋਲੋਂ ਮਾਫ਼ੀ ਮੰਗ ਕੇ ਮੈਨੂੰ ਸ਼ਰਮਿੰਦਾ ਕਰ ਰਹੇ ਹੋ। ਤੁਸੀਂ ਇਹ ਮੇਰੀ ਟਿਕਟ ਹੁਣੇ ਹੀ ਚੈੱਕ ਕਰ ਸਕਦੇ ਹੋ। ਟੀ.ਟੀ. ਉਸ ਦੀ ਟਿਕਟ ਚੈੱਕ ਕਰ ਕੇ ਅਗਾਂਹ ਜਾਣ ਲੱਗਾ ਤਾਂ ਉਸ ਸਵਾਰੀ ਨੇ ਟੀ.ਟੀ. ਦੀ ਬਾਂਹ ਫੜ ਕੇ ਆਪਣੇ ਕੋਲ ਬਿਠਾ ਲਿਆ ਤੇ ਆਖਿਆ, ਤੁਸੀਂ ਆਪਣੀ ਟਿਕਟਾਂ ਚੈੱਕ ਕਰਨ ਦੀ ਡਿਊਟੀ ਭੁਗਤਾ ਲਵੋ, ਫਿਰ ਅਸੀਂ ਇਕੱਠੇ ਖਾਣਾ ਖਾਵਾਂਗੇ। ਮੈਂ ਤੁਹਾਡੀ ਗੱਲਬਾਤ ਦੇ ਢੰਗ ਤੋਂ ਇਤਨਾ ਪ੍ਰਭਾਵਿਤ ਹੋਇਆ ਹਾਂ ਕਿ ਅੱਜ ਤੋਂ ਮੈਂ ਤੁਹਾਨੂੰ ਆਪਣਾ ਮਿੱਤਰ ਬਣਾਉਂਦਾ ਹਾਂ।

ਟੀ.ਟੀ ਨੇ ਵਾਰਤਾ ਲਿਖੀ ਕਿ ਅਸੀਂ ਇਕੱਠੇ ਰੋਟੀ ਖਾਧੀ। ਮੈਂ ਆਪਣਾ ਕਾਰਡ ਪਤਾ ਉਸਨੂੰ ਦਿੱਤਾ ਤੇ ਉਸਨੇ ਮੈਨੂੰ ਦਿੱਤਾ। ਟੀ.ਟੀ. ਕਹਿੰਦਾ ਕਿ ਉਸ ਦਿਨ ਮੈਨੂੰ ਗਿਆਨ ਹੋ ਗਿਆ ਕਿ ਇੱਕ ਰਸਨਾ 'ਤੇ ਕੰਟਰੋਲ ਕਰਨ ਨਾਲ ਕਿਵੇਂ ਇਕੱਠੇ ਖਾਣਾ ਖਾ ਰਹੇ ਹਾਂ, ਇੱਕ ਦੂਜੇ ਨੂੰ ਐਡਰੈੱਸ ਦੇ ਰਹੇ ਹਾਂ। ਜੇ ਮੈਂ ਇੱਕ ਮਿੰਟ ਇਹ ਕੰਟਰੋਲ ਨਾ ਕਰਦਾ ਤਾਂ ਕਿਤਨਾ ਵਖਰੇਵਾਂ ਪਿਆ ਹੋਣਾ ਸੀ। ਹੁਣ ਤੁਸੀਂ ਆਪੇ ਹੀ ਅੰਦਾਜ਼ਾ ਲਗਾ ਲਵੋ ਕਿ ਜੇ ਉਹ ਟੀ.ਟੀ. ਕ੍ਰੋਧ ਵਿੱਚ ਬੋਲਦਾ ਤਾਂ ਕਿੰਨਾ ਵੱਡਾ ਮਸਲਾ ਖੜ੍ਹਾ ਹੋ ਜਾਣਾ ਸੀ ਤੇ ਰਸਨਾ 'ਤੇ ਰੱਖੇ ਦੋ ਮਿੰਟ ਦੇ ਕੰਟਰੋਲ ਨੇ ਉਨ੍ਹਾਂ ਨੂੰ ਹਮੇਸ਼ਾਂ ਲਈ ਮਿੱਤਰ ਬਣਾ ਦਿੱਤਾ। ਉਹ ਟੀ.ਟੀ. ਹੁਣ ਮਹਾਂਪੁਰਸ਼ਾਂ ਦੇ ਦਿੱਤੇ ਬਚਨ ਦੀ ਕੀਮਤ ਨੂੰ ਸਮਝ ਗਿਆ ਤੇ ਹਮੇਸ਼ਾਂ ਲਈ ਇਹ ਗੁਣ ਉਸ ਨੇ ਆਪਣੀ ਜ਼ਿੰਦਗੀ ਵਿੱਚ ਧਾਰ ਲਿਆ ਤੇ ਸੋਚਿਆ ਮਹਾਂਪੁਰਸ਼ੋ! ਹੁਣ 7 ਦਿਨ ਨਹੀਂ ਹਮੇਸ਼ਾਂ ਲਈ ਕ੍ਰੋਧ ਛੱਡਿਆ। ਸੰਗਤ ਜੀ ਇਹ ਤੁਸੀਂ ਸਾਰਿਆਂ ਨੇ ਗੁਣ ਲੈਣਾ ਹੈ ਕਿ ਕ੍ਰੋਧ ਰਸਨਾ ਰਾਹੀਂ ਪ੍ਰਗਟ ਹੁੰਦਾ ਹੈ। ਜੇ ਇਸ ਦਾ ਤਿਆਗ ਇਕ ਦਮ ਨਾ ਵੀ ਹੋਵੇ ਤਾਂ ਹੌਲੀ ਹੌਲੀ ਵੀ ਬੈਨ ਲਗਾ ਕੇ ਕਰਨਾ ਪਰ ਕਰਨਾ ਜ਼ਰੂਰ।

ਬਾਕੀ ਮਨ ਦਾ ਸਾਡੇ ਸਰੀਰ ਨਾਲ ਬੜਾ ਵੱਡਾ ਤਾਅਲੁੱਕ ਹੈ ਅਤੇ ਮਨ ਬਾਰੇ ਸਤਿਗੁਰੂ ਜੀ ਨੇ ਬੜਾ ਵਧੀਆ ਰਸਤਾ ਦਿੱਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਖਦੇ ਹਨ ਕਿ ਇਹ ਮਨ ਇੰਨਾ ਚੰਚਲ ਹੈ, ਚਾਰੇ ਦਿਸ਼ਾਵਾਂ ਵਿੱਚ ਭੱਜਦਾ ਹੈ, ਇਸ ਬਾਰੇ ਇੱਕ ਕੰਮ ਕਰ ਲੈ। ਜਿਹੜੀ ਚੀਜ਼ ਤੇਰੇ ਵੱਸ ਵਿੱਚ ਨਹੀਂ, ਜਿਸ ਚੀਜ਼ ਦਾ ਦਰਜਾ ਬਹੁਤ ਵੱਡਾ ਹੈ, ਉਹ ਚੀਜ਼ ਆਪਣੇ ਕੋਲ ਰੱਖ ਹੀ ਨਾ, ਉਹ ਗੁਰੂ ਕੋਲ ਵੇਚ ਦੇ :

***ਮਨੁ ਬੇਚੈ ਸਤਿਗੁਰ ਕੈ ਪਾਸਿ ॥***

*(ਅੰਗ ੨੮੬)*

ਅੱਜ ਇਸ ਪ੍ਰਚਾਰ ਦੀ ਬਹੁਤ ਲੋੜ ਹੈ। ਦਾਸ ਦੀ ਹੱਥ ਜੋੜ ਕੇ ਬੇਨਤੀ ਹੈ ਕਿ ਸਤਿਕਾਰ ਸਭ ਦਾ ਕਰੋ ਪਰ ਮਨ ਵੇਚ ਦਿਓ ਆਪਣੇ ਗੁਰੂ ਅੱਗੇ। ਤੁਹਾਨੂੰ ਕਹਿਣਾ ਵੀ ਨਾ ਪਵੇ, ਅੰਮ੍ਰਿਤ ਛਕੋ। **ਬਾਬਾ ਨੰਦ ਸਿੰਘ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਵਡਿਆਈ ਵਿੱਚ ਬਚਨ ਕਰਦੇ ਸਨ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਹੁਕਮ ਮੰਨਣ ਦਾ ਸਰੂਪ ਹੋਏ ਹਨ। ਕੋਈ ਹੁਕਮ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕੀਤਾ, ਉਸ ਹੁਕਮ ਤੋਂ ਕਦੀ ਪਿੱਠ ਨਹੀਂ ਮੋੜੀ। ਐਸਾ ਮਨ ਵੇਚਿਆ।** ਹੁਣ ਅਨੇਕਾਂ ਸਰੀਰ ਹੋਣਗੇ ਜਿਨ੍ਹਾਂ ਦੇ ਘਰ ਦੁੱਖ ਆ ਜਾਣ ਤਾਂ ਕਈ ਵਾਰ ਕਦਮ ਤੁਰ ਪੈਂਦੇ ਹਨ, ਇਹੋ ਜਿਹੇ ਸਿਆਣਿਆਂ ਦੇ ਬੂਹਿਆਂ ਵੱਲ ਤਾਂ ਸਮਝ ਲੈਣਾ ਅਜੇ ਮਨ ਨਹੀਂ ਵੇਚਿਆ ਗੁਰੂ ਅੱਗੇ।

ਹੇ ਵਾਹਿਗੁਰੂ! ਇਹੋ ਜਿਹੀ ਪੜ੍ਹਾਈ ਦੇ ਕਿ ਦੁੱਖ ਵੀ ਤੇਰੇ ਚਰਨਾਂ ਵਿੱਚ ਤੇ ਸੁੱਖ ਵੀ ਤੇਰੇ ਚਰਨਾਂ ਵਿੱਚ। ਆਪਣਾ ਆਪ ਅਰਪਣ ਕਰ ਦਿਓ। ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਦੇਖੋ ਕਿਸ ਤਰ੍ਹਾਂ ਆਪਣਾ ਆਪ ਅਰਪਣ ਕਰ ਦਿੱਤਾ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਅੰਗਦ ਦੇਵ

ਜੀ ਮਹਾਰਾਜ ਨੂੰ ਗੁਰਿਆਈ ਦੀ ਬਖਸ਼ਿਸ਼ ਕੀਤੀ ਤਾਂ ਕੁਝ ਸਮੇਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਕੋਲ ਸਿੱਧ ਖਡੂਰ ਸਾਹਿਬ ਆਏ ਸਨ ਅਤੇ ਉਨ੍ਹਾਂ ਦੇ ਮਨ ਦਾ ਫੁਰਨਾ ਬਣਿਆ ਕਿ ਚਲੋ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਦੂਸਰੀ ਜੋਤ ਦੇ ਦਰਸ਼ਨ ਕਰ ਚੱਲੀਏ। ਖਡੂਰ ਸਾਹਿਬ ਅਸਥਾਨ ਵੀ ਬਣਿਆ ਹੋਇਆ ਹੈ। ਸਿੱਧਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ, ਬਚਨ ਬਿਲਾਸ ਕੀਤੇ ਤਾਂ ਉਸ ਸਮੇਂ ਸਿੱਧਾਂ ਨੇ ਇਹ ਵੀ ਪੁੱਛਿਆ ਕਿ ਅਸੀਂ ਸੁਣਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਰੀ ਉਮਰ ਕਿਸੇ ਨੂੰ ਮੱਥਾ ਨਹੀਂ ਟੇਕਿਆ ਪਰ ਤੁਹਾਨੂੰ ਮੱਥਾ ਟੇਕਿਆ ਹੈ। ਕਿੰਨੇ ਕੁ ਵੱਡੇ ਹੋਣਗੇ ਸ੍ਰੀ ਗੁਰੂ ਅੰਗਦ ਦੇਵ ਜੀ। ਜਦ ਗੁਰਿਆਈ ਦੀ ਬਖਸ਼ਿਸ਼ ਕੀਤੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਨਮਸਕਾਰ ਵੀ ਕੀਤੀ। ਸਿੱਧ ਕਹਿਣ ਲੱਗੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤੁਹਾਨੂੰ ਸੀਸ ਝੁਕਾਇਆ ਹੈ, ਮੱਥਾ ਟੇਕਿਆ ਹੈ, ਇਸ ਬਾਰੇ ਦੱਸੋ। ਇਤਿਹਾਸ ਵਿੱਚ ਲਿਖਿਆ ਹੈ ਕਿ ਉਸ ਵਕਤ ਕਿੰਨੇ-ਕਿੰਨੇ ਅੱਥਰੂ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀਆਂ ਅੱਖਾਂ ਵਿੱਚੋਂ ਵਹਿਣ ਲੱਗ ਗਏ ਕਿਉਂਕਿ ਮਨ ਅਵਾਜ਼ ਦਿੰਦਾ ਹੈ ਕਿ ਜੇ ਇਹ ਕਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮੈਨੂੰ ਮੱਥਾ ਨਹੀਂ ਟੇਕਿਆ ਤਾਂ ਝੂਠ ਏ ਅਤੇ ਜੇ ਇਹ ਕਹਾਂ ਕਿ ਮੱਥਾ ਟੇਕਿਆ ਤਾਂ ਆਪਣੀ ਵਡਿਆਈ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮੈਨੂੰ ਮੱਥਾ ਟੇਕਿਆ ਹੈ। ਸਿੱਧ ਕਹਿਣ ਲੱਗੇ ਕਿ ਬੋਲਦੇ ਨਹੀਂ ਕਿ ਕੀ ਤੁਹਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮੱਥਾ ਟੇਕਿਆ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਸਿੱਧਾਂ ਨੂੰ ਜੁਗਤੀ ਨਾਲ ਬਹੁਤ ਸੋਹਣਾ ਜਵਾਬ ਦਿੱਤਾ। ਕੀ ਆਖਿਆ? ਸਿੱਧੋ! ਜੇ ਕਿਸੇ ਮਾਂ ਦੀ ਝੋਲੀ ਵਿੱਚ ਪੁੱਤਰ ਪਿਆ ਹੋਵੇ ਅਤੇ ਮਾਂ ਦਾ ਦਿਲ ਕਰੇ ਕਿ ਪੁੱਤਰ ਨੂੰ ਚੁੰਮਣਾ ਹੈ, ਪਿਆਰ ਦੇਣਾ ਹੈ ਤਾਂ ਮਾਂ ਨੂੰ ਥੋੜ੍ਹਾ ਜਿਹਾ ਝੁਕਣਾ ਵੀ ਪੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਸਾਨੂੰ ਚੁੰਮਿਆ ਹੈ, ਪਿਆਰ ਕੀਤਾ ਹੈ। ਉਸ ਵਕਤ ਇਹ ਜਿਹੜੀ ਵਾਰਤਾ ਹੋਈ, ਉਸ ਦੀ ਅੱਜ ਪ੍ਰਚਾਰ ਕਰਨ ਦੀ ਲੋੜ ਹੈ।

ਸਿੱਧ ਕਹਿਣ ਲੱਗੇ ਕਿ ਅਸੀਂ ਮਿਹਨਤਾਂ ਲਗਾ ਕੇ ਰਿੱਧੀਆਂ-ਸਿੱਧੀਆਂ ਪ੍ਰਾਪਤ ਕੀਤੀਆਂ ਹਨ ਤੇ ਤੁਸੀਂ ਵੀ ਸਾਡੇ ਕੋਲੋਂ ਕੁਝ ਲੈ ਲਓ। ਸਾਡਾ ਦਿਲ ਕਰਦਾ ਹੈ ਕਿ ਤੁਹਾਨੂੰ ਕੁਝ ਦੇ ਕੇ ਜਾਈਏ। ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਜਵਾਬ ਸਾਖੀ ਵਿੱਚ ਲਿਖਿਆ ਹੈ ਕਿ ਸਭ ਕੁਝ ਹੈ, ਕਿਰਪਾ ਹੈ। ਬਾਕੀ ਸਾਡੀ ਬੇਨਤੀ ਹੈ ਸਿੱਧੋ! ਤੁਸੀਂ ਇੱਥੇ ਜਿੰਨੇ ਦਿਨ ਮਰਜ਼ੀ ਰਹੋ। ਪ੍ਰਸ਼ਾਦੇ-ਪਾਣੀ ਦੀ ਸੇਵਾ ਵੀ ਕਰਾਂਗੇ, ਰਹਿਣ ਨੂੰ ਜਗ੍ਹਾ ਵੀ ਦਿਆਂਗੇ ਪਰ ਇਸ ਹਿਰਦੇ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬੈਠੇ ਹੋਏ ਹਨ, ਹੁਣ ਹੋਰ ਕਿਸੇ ਦੇ ਬੈਠਣ ਦੀ ਜਗ੍ਹਾ ਨਹੀਂ। ਦੁੱਖ-ਸੁੱਖ ਸਭ ਦੇ ਘਰ ਆਉਂਦੇ ਹਨ ਪਰ ਕਦੀ ਝਾਤੀ ਪਾਇਓ, ਜਦੋਂ ਕੋਈ ਮਾੜਾ ਜਿਹਾ ਦੁੱਖ ਆ ਜਾਵੇ ਕਿਸੇ ਨੇ ਕਿਹਾ ਚੱਲ ਸਿਆਣੇ ਕੋਲ ਫਿਰ ਜਾ ਕੇ 'ਸਿਆਣੇ' ਦਾ ਬੂਹਾ ਖੜਕਾਓ ਤਾਂ ਸਮਝ ਲੈਣਾ ਕਿ ਅਜੇ ਹਿਰਦੇ 'ਤੇ ਕਿਸੇ ਹੋਰ ਨੂੰ ਬਿਠਾਇਆ ਹੈ। ਭਟਕੀ ਪਈ ਹੈ, ਦੁਨੀਆਂ। ਅੱਜ ਇਸ ਪ੍ਰਚਾਰ ਦੀ ਬਹੁਤ ਲੋੜ ਹੈ। ਸਤਿਗੁਰੂ ਜੀ ਨੇ ਵਾਰ-ਵਾਰ ਆਖਿਆ ਹੈ :

***ਏਕ ਊਪਰਿ ਜਿਸੁ ਜਨ ਕੀ ਆਸਾ ॥***
***ਤਿਸ ਕੀ ਕਟੀਐ ਜਮ ਕੀ ਫਾਸਾ ॥***

*(ਅੰਗ ੨੮੧)*

***ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥***

*(ਅੰਗ ੫੯੦)*

ਗੁਰਬਾਣੀ ਵਿੱਚ ਸਭ ਕੁਝ ਹੈ। ਜਿੱਥੇ ਗੁਰਬਾਣੀ ਹੈ ਉੱਥੇ ਕੋਈ ਵਹਿਮ-ਭਰਮ ਨਹੀਂ।

ਦਾਸ ਫਰੀਦਾਬਾਦ ਗਿਆ ਸੀ। ਤਿੰਨ ਦਿਨ ਦੇ ਦੀਵਾਨ ਸਨ ਕਿਉਂਕਿ ਬਹੁਤ ਸਾਲ ਪਹਿਲਾਂ ਤਿੰਨ-ਤਿੰਨ ਦਿਨ ਦੇ ਦੀਵਾਨ ਚਲਦੇ ਸੀ। ਜਦੋਂ ਤਿੰਨ ਦਿਨ ਦੇ ਦੀਵਾਨ ਹੋਣ ਤਾਂ ਸ਼ੁੱਕਰਵਾਰ ਦੀ ਰਾਤ ਅਤੇ ਸ਼ਨੀਵਾਰ ਦੀ ਰਾਤ ਫਿਰ ਕਿਸੇ ਦੇ ਘਰ ਠਹਿਰਨਾ ਪੈਂਦਾ ਸੀ। ਫਰੀਦਾਬਾਦ ਵਿੱਚ ਤਿੰਨ ਦਿਨ ਦਾ ਸਮਾਂ ਸੈੱਟ ਹੋਇਆ ਸੀ। ਕਿਸੇ ਦੇ ਘਰ ਸਾਡਾ ਜੱਥਾ ਰੁਕਿਆ। ਸਵੇਰੇ ਸਾਢੇ ਕੁ ਤਿੰਨ ਵਜੇ ਸਤਿਗੁਰੂ ਜੀ ਨੇ ਉਠਾਇਆ। ਜਦੋਂ ਇਸ਼ਨਾਨ ਕਰਨ ਲੱਗੇ ਤਾਂ ਜਿਨ੍ਹਾਂ ਦੇ ਘਰ ਠਹਿਰੇ ਹੋਏ ਸੀ, ਉਨ੍ਹਾਂ ਨੂੰ ਦਾਸ ਨੇ ਸੁਭਾਵਕ ਹੀ ਪੁੱਛ ਲਿਆ ਕਿ ਗੁਸਲਖਾਨੇ ਵਿੱਚ ਸ਼ੈਂਪੂ ਹੈ। ਉਹ ਘਰ ਦੇ ਕਹਿਣ ਲੱਗੇ ਕਿ ਸ਼ੈਂਪੂ ਕੀ ਕਰਨਾ ਹੈ? ਦਾਸ ਨੇ ਕਿਹਾ ਕਿ ਰੋਜ਼ ਦੀ ਰੁਟੀਨ ਹੈ, ਕੇਸੀਂ ਇਸ਼ਨਾਨ ਕਰਨਾ ਹੈ।

**ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਸਫਾਈ, ਸੱਚਾਈ ਤੇ ਖੁਦਾਈ ਦਾ ਮੇਲ ਹੈ। ਜਿੱਥੇ ਸਫਾਈ ਹੈ, ਸੱਚਾਈ ਹੈ, ਉੱਥੇ ਖੁਦਾ ਹੈ।** ਦਾਸ ਦੀ ਰੋਜ਼ ਦੀ ਰੁਟੀਨ ਹੈ ਇਸ ਲਈ ਕੇਸੀਂ ਇਸ਼ਨਾਨ ਕਰਨਾ ਹੈ। ਉਹ ਮੀਆਂ-ਬੀਵੀ ਦੋਵੇਂ ਖੜ੍ਹੇ ਸਨ। ਜਦੋਂ ਦਾਸ ਨੇ ਕਿਹਾ ਕਿ ਕੇਸੀਂ ਇਸ਼ਨਾਨ ਕਰਨਾ ਹੈ ਤਾਂ ਉਹ ਕਹਿਣ ਲੱਗੇ ਕਿ ਨਾ ਭਾਈ ਸਾਹਿਬ ਨਾ, ਅੱਜ ਸਾਡੇ ਘਰ ਤੁਸੀਂ ਕੇਸੀਂ ਇਸ਼ਨਾਨ ਨਾ ਕਰਨਾ। ਦਾਸ ਨੇ ਕਿਹਾ ਕਿ ਇਹ ਕਿਉਂ? ਦਾਸ ਨੇ ਪਹਿਲੀ ਵਾਰ ਸੁਣਿਆ। ਘਰ ਦੇ ਕਹਿਣ ਲੱਗੇ ਕਿ ਤੁਹਾਨੂੰ ਨਹੀਂ ਪਤਾ, ਅੱਜ ਸ਼ਨੀਵਾਰ ਹੈ ਤੇ ਸ਼ਨੀਵਾਰ ਸਿਰ ਨਹੀਂ ਧੋਈਦਾ। ਦਾਸ ਨੇ ਕਿਹਾ ਕਿ ਅਸੀਂ ਤਾਂ ਕੇਸੀਂ ਇਸ਼ਨਾਨ ਰੋਜ਼ ਕਰਦੇ ਹਾਂ, ਭਾਵੇਂ ਸ਼ਨੀ ਹੋਵੇ ਜਾਂ ਮੰਗਲ ਹੋਵੇ, ਗੁਰੂ ਦੀ ਕਿਰਪਾ ਨਾਲ। ਉਨ੍ਹਾਂ ਦੇ ਅੱਖਾਂ ਵਿੱਚ ਅੱਥਰੂ ਵੀ ਆ ਗਏ ਤੇ ਹੱਥ ਜੋੜ ਕੇ ਕਹਿਣ ਲੱਗੇ ਕਿ ਤੁਸੀਂ ਸਾਡੀ ਬੇਨਤੀ ਮੰਨ ਲਓ, ਅੱਜ ਕੇਸੀਂ ਇਸ਼ਨਾਨ ਨਾ ਕਰੋ। ਦਾਸ ਨੇ ਕਿਹਾ ਕਿ ਤੁਸੀਂ ਥੋੜ੍ਹਾ ਕੇਸੀਂ ਇਸ਼ਨਾਨ ਕਰਨਾ ਹੈ, ਕੇਸੀਂ ਇਸ਼ਨਾਨ ਤਾਂ ਅਸੀਂ ਕਰਨਾ ਹੈ। ਉਹ ਕਹਿਣ ਲੱਗੇ ਕਿ ਕੇਸੀਂ ਇਸ਼ਨਾਨ ਤੁਸੀਂ ਕਰਨਾ ਹੈ ਤੇ ਸ਼ਨੀ ਨੇ ਸਾਡੇ ਘਰ ਆ ਜਾਣਾ ਹੈ। ਦਾਸ ਨੇ ਕਿਹਾ ਉਹ ਕਿਵੇਂ? ਉਨ੍ਹਾਂ ਨੇ ਕਿਹਾ ਕਿ ਤੁਸੀਂ ਦੇਖ ਲੈਣਾ ਕਿ ਸਾਡੇ ਬੱਚੇ ਦਾ ਜਾਂ ਪਰਿਵਾਰ ਦੇ ਕਿਸੇ ਮੈਂਬਰ ਦਾ ਕੋਈ ਨਾ ਕੋਈ ਨੁਕਸਾਨ ਜ਼ਰੂਰ ਹੋ ਜਾਵੇਗਾ ਜਾਂ ਕੋਈ ਹੋਰ ਗੱਲ ਹੋ ਜਾਵੇਗੀ। ਦਾਸ ਨੇ ਮਨ ਵਿੱਚ ਸੋਚਿਆ ਕਿ ਇਹ ਹਾਲੇ ਵਹਿਮ ਵਿੱਚ ਹਨ, ਬਾਬਾ ਨਾਨਕ ਬੈਠਾ ਹੀ ਨਹੀਂ, ਹਿਰਦੇ ਵਿੱਚ। ਸਤਿਕਾਰ ਸਭ ਦਾ ਕਰੋ ਪਰ ਇਨ੍ਹਾਂ ਵਹਿਮਾਂ ਭਰਮਾਂ ਵਿੱਚੋਂ ਨਿਕਲੋ।

ਦਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਿਰਪਾ ਨਾਲ ਕਹਿ ਰਿਹਾ ਹੈ ਕਿ ਜੇ ਤੁਸੀਂ ਅੰਮ੍ਰਿਤ ਛਕਿਆ ਹੈ ਅਤੇ ਗੁਰਬਾਣੀ ਦੇ ਨੇਮੀ ਹੋ, ਕਿਸੇ ਦਾ ਬੁਰਾ ਨਹੀਂ ਸੋਚਦੇ ਤਾਂ ਦਾਸ ਗੁਰੂ ਦੀ ਕਿਰਪਾ ਨਾਲ ਦਾਅਵੇ ਨਾਲ ਕਹਿੰਦਾ ਹੈ ਕਿ ਸ਼ਨੀ ਤੁਹਾਡੀ ਸੇਵਾ ਵਿੱਚ ਹਾਜ਼ਰ ਰਹੇਗਾ। ਇਹ ਦੇਵਤੇ ਰੰਗੇ ਹੋਏ ਗੁਰਸਿੱਖ ਦੀ ਸੇਵਾ ਪੁੱਛਦੇ ਨੇ ਕਿ ਸਾਡੇ ਤੋਂ ਸੇਵਾ ਲੈ। ਦਾਸ ਨੇ ਫਿਰ ਇਕ ਜੁਗਤੀ ਵਰਤੀ। ਗੁਰਬਾਣੀ ਵਿੱਚ ਦੱਸੀ ਹੋਈ ਹੈ:

***ਸਾਚਿ ਨਾਮਿ ਮੇਰਾ ਮਨੁ ਲਾਗਾ ॥***
***ਲੋਗਨ ਸਿਉ ਮੇਰਾ ਠਾਠਾ ਬਾਗਾ ॥੬॥***

***(ਅੰਗ ੩੮੪)***

ਦਾਸ ਨੇ ਕਿਹਾ ਕਿ ਜੇ ਮੇਰੇ ਕੇਸੀਂ ਇਸ਼ਨਾਨ ਕਰਨ ਨਾਲ ਅੱਜ ਇਨ੍ਹਾਂ ਦਾ ਚਲਦਿਆਂ ਕਿਤੇ ਪੈਰ ਨੂੰ ਠੇਡਾ ਵੀ ਲੱਗ ਗਿਆ ਤਾਂ ਇਨ੍ਹਾਂ ਕਹਿਣਾ ਤੁਹਾਨੂੰ ਕਿਹਾ ਸੀ ਕੇਸੀਂ ਇਸ਼ਨਾਨ ਨਾ ਕਰੋ। ਦਾਸ ਨੇ ਕਿਹਾ, ਜੇਕਰ ਤੁਹਾਨੂੰ ਨੁਕਸਾਨ ਦਾ ਡਰ ਹੈ ਤੇ ਮੈਂ

ਬਿਲਕੁਲ ਨਹੀਂ ਕੇਸੀਂ ਇਸ਼ਨਾਨ ਕਰਾਂਗਾ। ਉਹ ਦਾਸ ਨੂੰ ਕਹਿਣ ਲੱਗੇ ਕਿ ਬੜੀ ਚੰਗੀ ਗੱਲ ਹੈ। ਦਾਸ ਗੁਸਲਖਾਨੇ ਵਿੱਚ ਗਿਆ। ਚਿਟਕਣੀ ਲਗਾਈ। ਇਸ਼ਨਾਨ-ਪਾਣੀ ਕੀਤਾ ਤੇ ਨਾਲ ਕੇਸੀਂ ਇਸ਼ਨਾਨ ਵੀ ਕਰ ਲਿਆ। ਦਾਸ ਨੇ ਸੋਚਿਆ ਇੱਥੇ ਤਾਂ ਕੁੰਡੀ ਲੱਗੀ ਹੈ, ਇੱਥੇ ਕਿਹੜਾ ਅਮਰੀਕਾ ਵਾਂਗ ਕੈਮਰੇ ਲੱਗੇ ਹਨ? ਉੱਥੇ ਤਾਂ ਕੈਮਰੇ ਵੀ ਵੇਖਣੇ ਪੈਂਦੇ ਹਨ। ਉੱਥੇ ਸਟੋਰਾਂ ਵਿੱਚ ਕੈਮਰੇ ਲੱਗੇ ਹਨ, ਹਰ ਕਮਰੇ ਵਿੱਚ ਕੈਮਰੇ ਲੱਗੇ ਹੁੰਦੇ ਹਨ। ਪਹਿਲਾਂ ਦਾਸ ਨੇ ਕੇਸੀਂ ਇਸ਼ਨਾਨ ਕੀਤਾ ਅਤੇ ਫਿਰ ਅੰਦਰ ਹੀ ਸਿਰੋਪਾ ਕੰਨਾਂ ਤੱਕ ਬੰਨ੍ਹ ਲਿਆ। ਦਾਸ ਨੇ ਕਿਹਾ ਕਿ ਬਾਹਰ ਆਈਏ ਤੇ ਪਤਾ ਹੀ ਨਹੀਂ ਲੱਗੇ। ਦਾਸ ਜਦੋਂ ਬਾਹਰ ਆਇਆ ਤਾਂ ਉਹ ਘਰ ਦੇ ਵੇਖਣ ਕਿ ਕੇਸੀਂ ਇਸ਼ਨਾਨ ਤਾਂ ਨਹੀਂ। ਦਾਸ ਨੇ ਵੀ ਸਿਰੋਪਾ ਬੰਨ੍ਹਿਆ ਸੀ। ਦਾਸ ਸ਼ੀਸ਼ੇ ਅੱਗੇ ਗਿਆ ਤੇ ਵੱਡੀ ਦਸਤਾਰ ਸਜਾ ਲਈ। ਉਸ ਦਿਨ ਫਰੀਦਾਬਾਦ ਤਿੰਨ ਪ੍ਰੋਗਰਾਮ ਸਨ। ਜਦੋਂ ਰਾਤ ਨੂੰ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਉਨ੍ਹਾਂ ਦੇ ਘਰ ਪੁੱਜੇ ਤਾਂ ਸਾਢੇ ਬਾਰ੍ਹਾਂ ਜਾਂ ਇੱਕ ਵੱਜ ਗਿਆ ਸੀ। ਜਦੋਂ ਘਰ ਆਏ ਤੇ ਕਮਰੇ ਵਿੱਚ ਬਹਿ ਗਏ। ਘਰ ਦੇ ਕਹਿਣ ਲੱਗੇ ਕਿ ਕੀ ਛਕੋਗੇ? ਦਾਸ ਨੇ ਕਿਹਾ ਕਿ ਥੋੜ੍ਹਾ ਦੁੱਧ ਲੈ ਆਓ। ਜਦੋਂ ਅਸੀਂ ਦੁੱਧ ਛਕ ਰਹੇ ਸੀ ਤਾਂ ਉਹ ਘਰ ਦੇ ਵੀ ਦਾਸ ਕੋਲ ਬੈਠੇ ਸਨ। ਦਾਸ ਨੂੰ ਕਹਿਣ ਲੱਗੇ ਕਿ ਤੁਸੀਂ ਅੱਜ ਕੇਸੀਂ ਇਸ਼ਨਾਨ ਨਹੀਂ ਕੀਤਾ ਤੇ ਸਾਡਾ ਦਿਨ ਕਿੰਨਾ ਸੁਹਣਾ ਲੰਘਿਆ ਹੈ ਤੇ ਕਈ ਅਜਿਹੇ ਕੰਮ ਜਿਹੜੇ ਰੁਕੇ ਹੋਏ ਸਨ, ਉਹ ਵੀ ਹੋ ਗਏ ਹਨ ਪਰ ਜੇ ਤੁਸੀਂ ਕੇਸੀਂ ਇਸ਼ਨਾਨ ਕਰ ਲੈਂਦੇ ਤੇ ਸਾਡਾ ਨੁਕਸਾਨ ਹੋਣਾ ਸ਼ੁਰੂ ਹੋ ਜਾਣਾ ਸੀ। ਦਾਸ ਨੂੰ ਹਾਸਾ ਆ ਗਿਆ ਤੇ ਦਾਸ ਨੇ ਕਿਹਾ ਕਿ ਮੈਂ ਤਾਂ ਕੇਸੀਂ ਇਸ਼ਨਾਨ ਕੀਤਾ ਹੈ। ਉਹ ਹੈਰਾਨ ਹੋ ਕੇ ਕਹਿਣ ਲੱਗੇ ਕਿ ਕੇਸੀਂ ਇਸ਼ਨਾਨ ਕੀਤਾ ਹੈ? ਦਾਸ ਨੇ ਕਿਹਾ ਕਿ ਇਹ ਤਾਂ ਕੇਵਲ ਤੁਹਾਡਾ ਇੱਕ ਵਹਿਮ ਹੈ। ਜੇ ਗੁਰਬਾਣੀ ਘਰ ਵਿੱਚ ਹੈ ਤਾਂ ਸ਼ਨੀ ਵਿਘਨ ਨਹੀਂ ਪਾਉਂਦਾ ਸਗੋਂ ਸੇਵਾ ਪੁੱਛਦਾ ਹੈ। ਇਸ ਲਈ ਜਿੰਨੇ ਮਾਈ-ਭਾਈ ਸਤਿਗੁਰੂ ਜੀ ਦੀ ਗੋਦ ਵਿੱਚ ਆਏ ਹੋ, ਕੋਈ ਬੀਤੀ ਗੱਲ ਸੁਣਾਉਣ ਦਾ ਹੋਰ ਕੋਈ ਮਤਲਬ ਨਹੀਂ, ਇੱਕੋ ਮਤਲਬ ਹੈ, ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਪੜ੍ਹਾਈ ਵਿੱਚੋਂ ਦੋ ਪੈਸੇ ਪੜ੍ਹਾਈ ਘਰ ਲੈ ਕੇ ਜਾਣਾ। ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਕੀ ਕਹਿੰਦੇ ਹਨ? ਸਿੱਧੋ ! ਇਸ ਹਿਰਦੇ 'ਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬੈਠੇ ਹਨ, ਹੁਣ ਹੋਰ ਕਿਸੇ ਦੇ ਬੈਠਣ ਦੀ ਜਗ੍ਹਾ ਨਹੀਂ। ਪੜ੍ਹੋ ਜੀ ਪ੍ਰੇਮ ਨਾਲ :

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*

*(ਅੰਗ ੨੮੬)*

ਕਈ ਸੱਜਣ ਸਵਾਲ ਕਰ ਦਿੰਦੇ ਹਨ, ਅੱਜ ਵੀ ਗੁਰੂ-ਘਰ ਵਿੱਚ ਕਿਰਪਾ ਹੈ ਜਾਂ ਨਹੀਂ? ਲੋੜ ਹੈ, ਵਿਸ਼ਵਾਸ ਦੀ। ਮੱਧ ਪ੍ਰਦੇਸ਼ ਤੁਸੀਂ ਸੁਣਿਆ ਹੋਵੇਗਾ। ਸੱਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਕੋਲ ਹੈ। ਉੱਥੇ ਇੱਕ ਰਿਆਸਤ ਹੈ: ਰੀਵਾ। ਹੁਣ ਇਹ ਜ਼ਿਲ੍ਹਾ ਬਣ ਗਿਆ ਹੈ। ਦਾਸ ਉੱਥੋਂ ਦਾ ਬਚਨ ਸਾਂਝਾ ਕਰ ਰਿਹਾ ਹੈ। ਸੋਢੀ ਕੁਲ ਵਿੱਚੋਂ ਹੋਏ ਹਨ: ਭਾਈ ਹਰਭਜਨ ਸਿੰਘ ਜੀ। ਕਾਫ਼ੀ ਕਿਤਾਬਾਂ ਵੀ ਉਨ੍ਹਾਂ ਨੇ ਲਿਖੀਆਂ ਤੇ ਬੰਦਗੀ ਵੀ ਬਹੁਤ ਕੀਤੀ। ਉਨ੍ਹਾਂ ਦੀ ਇੱਕ ਕਿਤਾਬ ਹੈ: ਭਜਨ ਬੰਦਗੀ ਦਾ ਪਰਤਾਪ। ਮਾਰਕੀਟ ਵਿੱਚੋਂ ਲੈ ਕੇ ਪੜ੍ਹ ਸਕਦੇ ਹੋ। ਇਸ ਵੇਲੇ ਚੋਲਾ ਬਦਲ ਚੁੱਕੇ ਹਨ। ਉਸ ਕਿਤਾਬ ਵਿੱਚ ਉਨ੍ਹਾਂ ਨੇ ਇਹ ਪ੍ਰਤੱਖ ਬਚਨ ਲਿਖਿਆ ਹੈ।

ਮੱਧਿਆ ਪ੍ਰਦੇਸ਼ ਵਿੱਚ ਇੱਕ ਰੀਵਾ ਨਾਮ ਦੀ ਰਿਆਸਤ ਸੀ ਜੋ ਹੁਣ ਜ਼ਿਲ੍ਹਾ ਬਣਿਆ ਹੋਇਆ ਹੈ। ਉੱਥੇ ਹਾਜੀ ਹੁਸੈਨ ਨਾਮੀ ਇੱਕ ਮੁਸਲਮਾਨ ਤਕਰੀਬਨ 100 ਬੱਸਾਂ ਦਾ ਮਾਲਕ ਸੀ। ਉਸ ਦੀ

ਹਰ ਬੱਸ ਵਿੱਚ ਡਰਾਈਵਰ ਦੀ ਸੀਟ ਦੇ ਅੱਗੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਘੋੜੇ 'ਤੇ ਸਵਾਰ ਦੀ ਤਸਵੀਰ ਲੱਗੀ ਹੋਈ ਸੀ। ਸੋਢੀ ਹਰਭਜਨ ਸਿੰਘ ਲਿਖਦੇ ਹਨ ਕਿ ਮੇਰਾ ਇੱਕ ਮਿੱਤਰ ਜੋ ਫੌਜ ਵਿੱਚ ਅਫ਼ਸਰ ਸੀ ਜਦ ਉੱਥੇ ਗਿਆ ਤਾਂ ਉਸ ਦੀ ਹੈਰਾਨਗੀ ਦੀ ਹੱਦ ਨਹੀਂ ਰਹੀ ਕਿ ਬੱਸਾਂ ਦੇ ਡਰਾਈਵਰ ਸਭ ਮੁਸਲਮਾਨ ਸਨ ਤੇ ਮਾਲਕ ਵੀ ਹਾਜੀ ਮੁਸਲਮਾਨ ਸੀ, ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਘੋੜੇ 'ਤੇ ਸਵਾਰ ਵਾਲੀ ਤਸਵੀਰ ਲਗਾਉਣ ਦਾ ਕੀ ਕਾਰਨ ਹੋ ਸਕਦਾ ਹੈ? ਉਹ ਇਸ ਭੇਦ ਨੂੰ ਖੋਲ੍ਹਣ ਲਈ ਹਾਜੀ ਸਾਹਿਬ ਦੇ ਦਫ਼ਤਰ ਚਲਾ ਗਿਆ ਤੇ ਬੜੇ ਪਿਆਰ ਨਾਲ ਇਸ ਦਾ ਕਾਰਨ ਪੁੱਛਿਆ। ਹਾਜੀ ਸਾਹਿਬ ਕਹਿਣ ਲੱਗੇ, ਇਹ ਮੇਰਾ ਨਿੱਜੀ ਮਾਮਲਾ ਹੈ, ਮੈਂ ਕੁਝ ਭੀ ਬਤਾਨੇ ਕੋ ਤਿਆਰ ਨਹੀਂ ਹੂੰ। ਮੇਰਾ ਮਿੱਤਰ ਬਾਹਰ ਆ ਗਿਆ, ਪਰ ਹਾਜੀ ਸਾਹਿਬ ਨੇ ਉਨ੍ਹਾਂ ਨੂੰ ਵਾਪਸ ਬੁਲਾਇਆ ਤੇ ਪੁੱਛਿਆ, ਤੁਸੀਂ ਕੀ ਕੰਮ ਕਰਦੇ ਹੋ? ਉਸ ਦੇ ਇਹ ਦੱਸਣ ਤੇ ਕਿ ਮੈਂ ਫੌਜੀ ਹਾਂ, ਉਸ ਨੂੰ ਆਪਣੇ ਪਾਸ ਬਿਠਾ ਲਿਆ ਤੇ ਉਨ੍ਹਾਂ ਨੂੰ ਆਪਣੀ ਹੱਡ-ਬੀਤੀ ਇਸ ਤਰ੍ਹਾਂ ਸੁਣਾਈ :

ਹਾਜੀ ਹੁਸੈਨ ਮੁਸਲਮਾਨ ਵੀਰ ਕਹਿੰਦਾ, ਮੇਰਾ ਪਿੰਡ ਸੱਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਤਕਰੀਬਨ 5-6 ਮੀਲ 'ਤੇ ਹੈ। ਬਹੁਤ ਸਮੇਂ ਪਹਿਲਾਂ ਮੈਨੂੰ ਅਧਰੰਗ ਹੋ ਗਿਆ ਸੀ। ਮੇਰੀ ਬੀਵੀ ਤੇ ਬੱਚਿਆਂ ਨੇ ਮੇਰੀ ਬਹੁਤ ਸੇਵਾ ਕੀਤੀ, ਦਵਾ ਦਾਰੂ ਕਰਵਾਇਆ ਪਰ ਅਰਾਮ ਆਉਣ ਦੀ ਬਜਾਏ ਮੇਰਾ ਦੂਜਾ ਪਾਸਾ ਵੀ ਮਾਰਿਆ ਗਿਆ। ਇੱਕ ਹੁੰਦਾ ਹੈ ਅਧਰੰਗ, ਇੱਕ ਪਾਸਾ ਮਾਰਿਆ ਜਾਣਾ ਤੇ ਇੱਕ ਹੈ ਪੂਰਾ ਅਧਰੰਗ ਦੋਵੇਂ ਪਾਸੇ ਮਾਰੇ ਗਏ। ਉਨ੍ਹਾਂ ਕੁਝ ਦਿਨ ਹੋਰ ਮੇਰੀ ਸੇਵਾ ਕੀਤੀ, ਪਰ ਅਖੀਰ ਨੂੰ ਮੇਰੀ ਘਰ ਵਾਲੀ ਮੈਨੂੰ ਇਕੱਲੇ ਛੱਡ ਕੇ ਆਪ ਬੱਚਿਆਂ ਨੂੰ ਲੈ ਕੇ ਆਪਣੇ ਪੇਕੇ ਘਰ ਚਲੀ ਗਈ। ਪਿੰਡ ਵਾਲਿਆਂ ਨੇ ਮੇਰੇ 'ਤੇ ਤਰਸ ਖਾ ਕੇ ਮੈਨੂੰ ਚੁੱਕ ਕੇ ਬਾਹਰ ਸੜਕ ਕਿਨਾਰੇ ਲਿਟਾ ਦਿੱਤਾ, ਤਾਂਕਿ ਮੈਂ ਉੱਥੇ ਹੀ ਆਪਣੀ ਹਾਜਤ ਪੂਰੀ ਕਰ ਸਕਾਂ। ਜਦੋਂ ਕਦੀ ਕਿਸੇ ਦੇ ਮਨ ਵਿੱਚ ਮਿਹਰ ਪੈ ਜਾਂਦੀ ਸੀ ਤਾਂ ਉਹ ਮੇਰੇ ਮੂੰਹ ਵਿੱਚ ਕੁਝ ਪਾ ਜਾਂਦਾ ਸੀ। ਮੇਰੀ ਹਾਲਤ ਬੜੀ ਤਰਸਯੋਗ ਸੀ।

ਕੁਦਰਤ ਦੀ ਖੇਡ। ਜਿਸ ਸੜਕ ਤੇ ਪਿੰਡ ਵਾਲਿਆਂ ਨੇ ਮੈਨੂੰ ਲੰਮਾ ਪਾਇਆ ਸੀ, ਉਹ ਰਸਤਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜਾਂਦਾ ਸੀ। ਸੰਗਤਾਂ ਲੰਘਦੀਆਂ ਸਨ ਤੇ ਮੇਰਾ ਵੀ ਚਿੱਤ ਕਰਦਾ ਸੀ ਕਿ ਮੈਂ ਨਾਂਦੇੜ ਸਾਹਿਬ ਜਾਵਾਂ। ਦੁਸਹਿਰੇ ਦਾ ਦਿਨ ਆ ਗਿਆ ਤੇ ਦੁਸਹਿਰੇ ਤੇ ਬਹੁਤ ਸੰਗਤਾਂ ਆਪਣੇ ਗੱਡਿਆਂ 'ਤੇ ਬੈਠ ਕੇ ਸੱਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਜਾਂਦੀਆਂ ਹਨ। ਮੇਰਾ ਦਿਲ ਕਰੇ ਮੈਂ ਵੀ ਉਨ੍ਹਾਂ ਦੇ ਨਾਲ ਜਾਵਾਂ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਆਪਣੇ ਪਾਪਾਂ ਦੀ ਮਾਫੀ ਮੰਗਾਂ ਪਰ ਮੇਰੀ ਜ਼ਿੰਦਾ ਲਾਸ਼ ਨੂੰ ਲਿਜਾਣ ਲਈ ਕੋਈ ਵੀ ਤਿਆਰ ਨਹੀਂ ਸੀ। ਅਖੀਰ ਮੈਂ ਜ਼ੋਰ ਲਾ ਕੇ ਸੜਕ 'ਤੇ ਜਾ ਲੇਟਿਆ ਤੇ ਇੱਕ ਗੱਡੇ ਵਾਲੇ ਨੂੰ ਕਿਹਾ, ਜਾਂ ਤਾਂ ਮੈਨੂੰ ਗੱਡੇ ਵਿੱਚ ਲਿਟਾ ਕੇ ਸੱਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਲੈ ਚੱਲ, ਨਹੀਂ ਤਾਂ ਮੇਰੇ ਉਪਰੋਂ ਹੀ ਗੱਡਾ ਲੰਘਾ ਦਿਓ, ਤਾਂ ਕਿ ਮੇਰੀ ਮੌਤ ਆ ਜਾਵੇ ਤੇ ਮੈਂ ਇਸ ਦੁੱਖੋਂ ਛੁੱਟ ਜਾਵਾਂ। ਉਨ੍ਹਾਂ ਦੇ ਮਨ ਵਿੱਚ ਮਿਹਰ ਪੈ ਗਈ, ਤਿੰਨ ਚਾਰ ਬੰਦਿਆਂ ਨੇ ਮਿਲ ਕੇ ਮੈਨੂੰ ਆਪਣੇ ਗੱਡੇ 'ਤੇ ਲਿਟਾ ਲਿਆ ਤੇ ਨਾਲ ਲੈ ਤੁਰੇ।

ਤਖ਼ਤ ਸਾਹਿਬ ਦੇ ਕੋਲ ਜਾ ਕੇ ਉਨ੍ਹਾਂ ਮੈਨੂੰ ਇੱਕ ਦਰਖ਼ਤ ਥੱਲੇ ਲਿਟਾ ਦਿੱਤਾ ਤੇ ਆਪ ਅੱਗੇ ਚਲੇ ਗਏ। ਉਸ ਦਿਨ ਨਗਰ ਕੀਰਤਨ ਨਿਕਲਣਾ ਸੀ। ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਜਿਆ ਹੋਇਆ ਘੋੜਾ ਸਭ ਤੋਂ ਅੱਗੇ

ਚਲਦਾ ਹੈ ਤੇ ਸਾਰੀ ਸੰਗਤ ਉਸਦੇ ਪਿੱਛੇ ਚਲਦੀ ਹੈ। ਉਹ ਘੋੜਾ ਇੰਝ ਚਲਦਾ ਹੈ ਜਿਵੇਂ ਕੋਈ ਸ਼ਾਹ-ਸਵਾਰ ਉਸ 'ਤੇ ਬੈਠਾ ਹੋਵੇ ਤੇ ਉਹ ਘੋੜਾ ਪਸੀਨੋ-ਪਸੀਨ ਹੋਇਆ ਹੁੰਦਾ ਹੈ। ਨਗਰ ਕੀਰਤਨ ਉਸ ਰਸਤੇ ਤੋਂ ਆ ਰਿਹਾ ਸੀ ਜਿੱਥੇ ਮੈਂ ਲੇਟਿਆ ਹੋਇਆ ਸੀ ਤੇ ਮੈਂ ਮਨ ਵਿੱਚ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀ! ਮੇਰੀ ਵੀ ਸੁਣੋ। ਮੇਰੀ ਵੀ ਫਰਿਆਦ ਸੁਣੋ। ਮੈਂ ਸੋਚਦਾ ਪਿਆ ਸੀ ਕਿ ਉਹ ਘੋੜਾ ਇਕ-ਦਮ ਬੇਕਾਬੂ ਹੋ ਗਿਆ ਤੇ ਸਰਪਟ ਦੌੜ ਕੇ ਮੇਰੇ ਕੋਲ ਆ ਕੇ ਇਕ-ਦਮ ਖੜ੍ਹਾ ਹੋ ਗਿਆ। ਉਸਨੇ ਆਪਣਾ ਇੱਕ ਪੈਰ ਚੁੱਕਿਆ, ਮੇਰੇ ਸਿਰ ਨੂੰ ਛੋਹਾਇਆ, ਫਿਰ ਦੂਸਰਾ ਪੈਰ ਚੁੱਕਿਆ ਤੇ ਉਹ ਮੇਰੇ ਬਦਨ 'ਤੇ ਲਗਾਇਆ। ਇੰਨੇ ਚਿਰ ਨੂੰ ਸੇਵਾਦਾਰਾਂ ਨੇ ਆ ਕੇ ਉਸ ਘੋੜੇ ਨੂੰ ਪਕੜ ਲਿਆ ਤੇ ਨਗਰ ਕੀਰਤਨ ਨਾਲ ਅੱਗੇ ਚਲੇ ਗਏ। ਹਾਲੇ ਨਗਰ ਕੀਰਤਨ ਚਲਦਾ ਪਿਆ ਹੈ ਤੇ ਥੋੜ੍ਹੀ ਦੇਰ ਬਾਅਦ ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਕਿ ਮੇਰੇ ਅੰਦਰ ਖੂਨ ਦਾ ਦੌਰਾ ਚੱਲ ਪਿਆ ਹੈ, ਮੈਂ ਜਿਸ ਵੀ ਅੰਗ ਨੂੰ ਹਿਲਾਵਾਂ ਉਹ ਹਿਲਦਾ ਸੀ। ਮੈਂ ਜ਼ੋਰ ਦੀ ਲੱਤਾਂ ਬਾਹਾਂ ਹਿਲਾਈਆਂ ਤੇ ਉੱਠ ਕੇ ਬੈਠ ਗਿਆ। ਹੁਣ ਮੈਂ ਹੋਰ ਬਲ ਲਗਾਇਆ ਤੇ ਖੜ੍ਹਾ ਹੋ ਗਿਆ। ਉਹ ਕਹਿਣ ਲੱਗਾ ਕਿ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿ ਮੇਰੀ ਗੁਰੂ ਸਾਹਿਬ ਨੇ ਸੁਣ ਲਈ। ਉਹ ਕਹਿਣ ਲੱਗਾ ਕਿ ਮੈਂ ਤਖ਼ਤ ਸਾਹਿਬ ਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਉਪਰੰਤ ਮੈਂ ਆਪਣੇ ਪੈਰਾਂ ਨਾਲ ਤੁਰ ਕੇ ਆਪਣੇ ਪਿੰਡ ਰਾਤ ਨੂੰ ਪਹੁੰਚ ਗਿਆ, ਆਪਣਾ ਸਾਰਾ ਹਾਲ ਪਿੰਡ ਵਾਲਿਆਂ ਨੂੰ ਸੁਣਾਇਆ ਤੇ ਉਹ ਕਹਿਣ ਲੱਗੇ ਕਿ ਅੱਜ ਵੀ ਸੱਚੇ ਪਾਤਸ਼ਾਹ ਜੀ ਮੌਜੂਦ ਹਨ ਬਸ ਸਾਡਾ ਸਿਦਕ ਹੋਣਾ ਚਾਹੀਦਾ ਹੈ। ਉਹ ਅੱਜ ਵੀ ਗੁਰਬਾਣੀ ਦੇ ਰੂਪ ਵਿੱਚ ਮੌਜੂਦ ਹਨ, ਸਾਡੀ ਭਾਵਨਾ ਹੋਣੀ ਚਾਹੀਦੀ ਹੈ। ਸਾਰੇ ਪਿੰਡ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਇਹ ਹੈ ਗੁਰੂ ਦੇ ਘੋੜੇ ਦੀ ਸ਼ਕਤੀ, ਹੁਣ ਤੁਸੀਂ ਆਪੇ ਹੀ ਅੰਦਾਜ਼ਾ ਲਾਓ ਕਿ ਜਿਸ ਦੇ ਘੋੜੇ ਵਿੱਚ ਇੰਨੀ ਸ਼ਕਤੀ ਹੈ ਉਹ ਗੁਰੂ ਕਲਗੀਧਰ ਪਾਤਸ਼ਾਹ ਜੀ ਆਪ ਕਿਤਨੇ ਬੇਅੰਤ ਹੋਣਗੇ।

ਉਸ ਹਾਜੀ ਹੁਸੈਨ ਮੁਸਲਮਾਨ ਨੇ ਆਪਣੇ ਦਫਤਰ ਵਿੱਚ ਇੱਕ ਰੰਗੇ ਹੋਏ ਗੁਰਸਿੱਖ ਨੂੰ ਬਿਠਾ ਕੇ ਆਪਣੀ ਸਾਰੀ ਵਾਰਤਾ ਸੁਣਾਈ ਤੇ ਕਿਹਾ ਕਿ ਭਾਈ ਸਾਹਿਬ! ਮੇਰੇ ਪਤਾ ਨਹੀਂ ਕਿਹੜੇ ਕਰਮ 'ਤੇ ਤਰਸ ਹੋਇਆ ਹੈ। ਉਸ ਤੋਂ ਬਾਅਦ ਮੈਂ ਇੱਕ ਬੱਸ ਪਾਈ। ਫਿਰ ਦੋ। ਕਰਦੇ-ਕਰਦੇ ਹੁਣ ਮੇਰੇ ਕੋਲ 100 ਬੱਸਾਂ ਹਨ ਤੇ ਹਰ ਬੱਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਤਸਵੀਰ ਲਗਾਈ ਹੈ। ਉਹ ਕਹਿਣ ਲੱਗਾ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕੋਈ ਹੋਰ ਤਸਵੀਰ ਵੀ ਲਗਵਾ ਸਕਦਾ ਸਾਂ ਪਰ ਘੋੜੇ ਵਾਲੀ ਤਾਂ ਲਗਾਉਂਦਾ ਹਾਂ ਕਿ ਹੇ ਗੁਰੂ ਕਲਗੀਆਂ ਵਾਲੇ! ਕਿਰਪਾ ਤੇਰੀ ਹੋਈ ਹੈ ਪਰ ਹੋਈ ਤੇਰੇ ਘੋੜੇ ਦੇ ਰਾਹੀਂ ਏ। ਸੋਢੀ ਹਰਭਜਨ ਸਿੰਘ ਜੀ ਲਿਖਦੇ ਹਨ ਕਿ ਉਸ ਦੀ ਗੱਲ ਸੁਣ ਕੇ ਮੈਨੂੰ ਦੋ ਪਿਆਰ ਆ ਗਏ : ਇੱਕ ਤਾਂ ਇਹ ਕਿ ਕਲਗੀਆਂ ਵਾਲੇ ਗੁਰੂ ਜਿੱਥੇ ਸਿੱਖ ਦੀ ਸੁਣਦੇ ਹਨ, ਉੱਥੇ ਮੁਸਲਮਾਨ ਦੀ ਵੀ ਸੁਣਦੇ ਹਨ। ਦੂਸਰਾ, ਕਲਗੀਆਂ ਵਾਲੇ ਗੁਰੂ ਕਿਧਰੇ ਗਏ ਨਹੀਂ, ਉਹ ਅੱਜ ਵੀ ਮੌਜੂਦ ਹਨ। ਸਿਰਫ ਸਾਡੀ ਭਾਵਨਾ ਹੋਣੀ ਚਾਹੀਦੀ ਹੈ।

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥***

***(ਅੰਗ ੨੮੬)***

ਸੋਢੀ ਹਰਭਜਨ ਸਿੰਘ ਲਿਖਦੇ ਹਨ ਕਿ ਉਸ ਹਾਜੀ ਮੁਸਲਮਾਨ ਦੀਆਂ ਰੀਵਾ ਰਿਆਸਤ ਵਿੱਚ 100 ਬੱਸਾਂ ਚੱਲ ਰਹੀਆਂ ਹਨ ਤੇ ਉਸ ਹਾਜੀ ਦਾ

ਹੁਕਮ ਹੈ ਕਿ ਉਸ ਦੀ ਹਰ ਬੱਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਘੋੜੇ ਵਾਲੀ ਤਸਵੀਰ ਜ਼ਰੂਰ ਲਗਾਉਣੀ ਹੈ।

ਸੋਢੀ ਹਰਭਜਨ ਸਿੰਘ ਕੋਈ ਜਣੇ ਖਣੇ ਲੇਖਕ ਨਹੀਂ ਬਲਕਿ ਗੁਰੂ ਸਾਹਿਬ ਨੇ ਇਨ੍ਹਾਂ ਤੋਂ ਕਈ ਸੰਮੇਲਨਾਂ ਵਿੱਚ ਸੇਵਾ ਵੀ ਲਈ ਹੈ। ਇੱਕ ਜ਼ਿਲ੍ਹੇ ਵਿੱਚ ਸਰਬ ਧਰਮ ਸੰਮੇਲਨ ਹੋਇਆ ਸੀ। ਉਸ ਵਿੱਚ ਇਹ ਸੋਢੀ ਹਰਭਜਨ ਸਿੰਘ ਵੀ ਸ਼ਾਮਲ ਸਨ। ਹਰ ਕੋਈ ਆਪਣੇ-ਆਪਣੇ ਧਰਮ ਬਾਰੇ ਬੋਲਿਆ। ਇੱਕ ਸਿੱਖ ਮਿਸ਼ਨਰੀ ਨੇ 10 ਮਿੰਟ ਸਿੱਖ ਧਰਮ 'ਤੇ ਲਗਾਏ ਤੇ ਬੜੇ ਸੁਹਣੇ ਢੰਗ ਨਾਲ ਸਿੱਖ ਧਰਮ 'ਤੇ ਬੋਲਿਆ। ਜਦੋਂ ਉਹ ਸਿੱਖ ਮਿਸ਼ਨਰੀ ਸਿੱਖ ਧਰਮ ਬਾਰੇ ਬੋਲ ਕੇ ਬੈਠ ਗਿਆ ਤਾਂ ਸਾਰਿਆਂ ਨੇ ਸ਼ਾਬਾਸ਼ ਦਿੱਤੀ ਕਿ ਬੜੇ ਸੁਹਣੇ ਢੰਗ ਨਾਲ ਸਿੱਖ ਧਰਮ 'ਤੇ ਬੋਲਿਆ ਪਰ ਉਸ ਮਿਸ਼ਨਰੀ ਦੇ ਬੋਲਣ ਤੋਂ ਬਾਅਦ ਇੱਕ ਅੰਗਰੇਜ਼ ਮਾਈਕ 'ਤੇ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ ਕਿ ਹੁਣੇ ਹੀ ਇੱਕ ਸੱਜਣ ਸਿੱਖ ਧਰਮ 'ਤੇ ਬੋਲ ਕੇ ਗਏ ਹਨ ਕਿ ਸਿੱਖ ਧਰਮ ਸਾਬਤ-ਸੂਰਤ ਹੈ ਪਰ ਮੈਂ ਕਹਿੰਦਾ ਹਾਂ ਕਿ ਸਿੱਖ ਧਰਮ ਸਾਬਤ ਸੂਰਤ ਨਹੀਂ ਕਿਉਂਕਿ ਕੀ ਸਿੱਖ ਨਹੁੰ ਨਹੀਂ ਕੱਟਦੇ? ਜੇ ਨਹੁੰ ਕੱਟਦੇ ਹਨ ਤਾਂ ਫਿਰ ਸਾਬਤ-ਸੂਰਤ ਕਿਵੇ ਹੋਏ? ਕੋਈ ਚੀਜ਼ ਤਾਂ ਕੱਟਦੇ ਹੀ ਹਨ। ਜੇ ਕਿਸੇ ਕੋਲ ਜਵਾਬ ਹੈ ਤਾਂ ਮੈਨੂੰ ਦਿਓ।

ਸੋਢੀ ਹਰਭਜਨ ਸਿੰਘ ਲਿਖਦੇ ਹਨ ਕਿ ਉਸ ਸਿੱਖ ਮਿਸ਼ਨਰੀ ਨੂੰ ਵੀ ਜਵਾਬ ਨਾ ਸੁੱਝੇ। ਹੋਰ ਕਿਸੇ ਨੂੰ ਵੀ ਜਵਾਬ ਨਾ ਸੁੱਝੇ। ਨਹੁੰ ਤਾਂ ਸਿੱਖ ਕੱਟਦਾ ਹੀ ਹੈ। ਸੋਢੀ ਹਰਭਜਨ ਸਿੰਘ ਜੀ ਕਹਿਣ ਲੱਗੇ ਕਿ ਮੈਂ ਆਪਣੀ ਨਾਲ ਦੀ ਕੁਰਸੀ 'ਤੇ ਬੈਠੇ ਹੋਏ ਇੱਕ ਵਿਅਕਤੀ ਨੂੰ ਕਿਹਾ ਕਿ ਅੰਗਰੇਜ਼ ਜੋ ਕਹਿ ਰਿਹਾ ਹੈ ਸਿੱਖ ਧਰਮ ਸਾਬਤ-ਸੂਰਤ ਕਿਵੇਂ? ਕੋਈ ਜਵਾਬ ਹੈ ਤੇ ਮਾਈਕ 'ਤੇ ਦਿਓ। ਉਹ ਕਹਿਣ ਲੱਗਾ ਮੇਰੇ ਕੋਲ ਇਸਦਾ ਕੋਈ ਜਵਾਬ ਨਹੀਂ ਤਾਂ ਸੋਢੀ ਹਰਭਜਨ ਸਿੰਘ ਕਹਿਣ ਲੱਗੇ, ਆਪਣੇ ਨਾਲ ਦੀ ਕੁਰਸੀ 'ਤੇ ਬੈਠੇ ਬੰਦੇ ਨੂੰ ਕਿ ਮੈਂ ਇਸ ਦਾ ਜਵਾਬ ਗੁਰੂ ਸਾਹਿਬ ਦੀ ਕਿਰਪਾ ਨਾਲ ਦੇ ਸਕਦਾ ਹਾਂ। ਉਹ ਬੰਦਾ ਕਹਿਣ ਲੱਗਾ ਕਿ ਫਿਰ ਮੌਕਾ ਕੀ ਵੇਖਦੇ ਹੋ? ਇੰਨੇ ਹਜ਼ਾਰਾਂ ਦੇ ਇਕੱਠ ਵਿੱਚ ਸਿੱਖੀ ਨੂੰ ਢਾਹ ਲੱਗ ਰਹੀ ਹੈ, ਸਿੱਖ ਧਰਮ ਨੂੰ ਢਾਹ ਲੱਗ ਰਹੀ ਹੈ। ਜੇ ਜਵਾਬ ਹੈ ਤਾਂ ਫਿਰ ਜਲਦੀ ਦਿਓ। ਸੋਢੀ ਹਰਭਜਨ ਸਿੰਘ ਮਾਈਕ 'ਤੇ ਆ ਗਏ, ਫ਼ਤਹਿ ਬੁਲਾਈ :

***ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥***

ਸੋਢੀ ਹਰਭਜਨ ਸਿੰਘ ਨੇ ਮਾਈਕ 'ਤੇ ਕਿਹਾ ਕਿ ਹੁਣੇ ਹੀ ਇੱਕ ਅੰਗਰੇਜ਼ ਨੇ ਕਿਹਾ ਹੈ ਕਿ ਜੇ ਸਿੱਖ ਨਹੁੰ ਕੱਟਦਾ ਹੈ ਤਾਂ ਫਿਰ ਸਾਬਤ ਸੂਰਤ ਕਿਵੇਂ? ਸੋਢੀ ਹਰਭਜਨ ਸਿੰਘ ਕਹਿਣ ਲੱਗੇ ਕਿ ਮੈਂ ਐਲਾਨ ਕਰਦਾ ਹਾਂ ਕਿ ਨਹੁੰ ਸਿੱਖ ਤਾਂ ਕੀ, ਕੋਈ ਵੀ ਬੰਦਾ ਨਹੀਂ ਕੱਟ ਸਕਦਾ। ਜੇ ਕੱਟ ਸਕਦਾ ਹੈ ਤਾਂ ਆ ਕੇ ਦੱਸੇ। ਇੱਕ-ਦੋ ਵਿੱਚੋਂ ਖੜ੍ਹੇ ਵੀ ਹੋਏ ਕਿ ਨਹੁੰ ਤਾਂ ਅਸੀਂ ਕੱਟਦੇ ਹਾਂ। ਸੋਢੀ ਹਰਭਜਨ ਸਿੰਘ ਕਹਿਣ ਲੱਗੇ ਕਿ ਮਾਈਕ 'ਤੇ ਆ ਕੇ ਗੱਲ ਕਰੋ। ਜਦੋਂ ਕੋਈ ਨਾ ਆਇਆ ਤਾਂ ਫਿਰ ਉਨ੍ਹਾਂ ਨੇ ਗੱਲ ਸ਼ੁਰੂ ਕੀਤੀ। ਸੋਢੀ ਹਰਭਜਨ ਸਿੰਘ ਮਾਇਕ ਤੇ ਕਹਿਣ ਲੱਗੇ ਕਿ ਪਿਆਰਿਓ! ਨਹੁੰ ਦੇ ਦੋ ਭਾਗ ਹਨ: ਇੱਕ ਜਿਉਂਦਾ ਭਾਗ ਤੇ ਦੂਜਾ ਮੁਰਦਾ ਭਾਗ। ਜਿਉਂਦਾ ਭਾਗ ਉਹ ਹੈ ਜਿਸ ਵਿੱਚ ਲਹੂ ਨਜ਼ਰ ਆ ਰਿਹਾ ਹੈ। ਸਿੱਖ ਤਾਂ ਕੀ ਦੁਨੀਆਂ ਦਾ ਕੋਈ ਵੀ ਵਿਅਕਤੀ ਜਦੋਂ ਨਹੁੰ ਕੱਟਦਾ ਹੈ ਤਾਂ ਮੁਰਦਾ ਭਾਗ ਕੱਟਦਾ ਹੈ, ਜਿਉਂਦਾ ਨਹੀਂ। ਜਿਉਂਦਾ ਭਾਗ ਜੇ ਮਾੜਾ ਜਿਹਾ ਗਲਤੀ ਨਾਲ ਵੀ ਕੱਟਿਆ ਜਾਵੇ ਤਾਂ ਬੰਦਾ 'ਹਾਏ' ਕਰਨ ਲੱਗ ਪੈਂਦਾ ਹੈ। ਸੋਢੀ ਹਰਭਜਨ ਸਿੰਘ ਕਹਿਣ ਲੱਗੇ ਕਿ ਉਹੀ ਅੰਗਰੇਜ਼ ਫਿਰ ਮਾਈਕ 'ਤੇ ਆ ਗਿਆ ਤੇ

*—ਬਾਕੀ ਹਿੱਸਾ ਪੰਨਾ 23 'ਤੇ ਪੜ੍ਹੋ ਜੀ*

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਚਾਲੀਵਾਂ ਸਲੋਕ :***

***ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥***
***ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥***

*(ਅੰਗ ੧੪੨੮)*

ਸੰਸਾਰ ਮੰਗਤੇ ਵਾਂਗ ਫਿਰ ਰਿਹਾ ਹੈ। ਸਭ ਨੂੰ ਦੇਣ ਵਾਲਾ ਪਰਮਾਤਮਾ ਹੈ। ਹੇ ਭਾਈ! ਉਸ ਨੂੰ ਸਿਮਰ ਤਾਂ ਜੋ ਤੇਰੇ ਕਾਰਜ ਪੂਰੇ ਹੋਵਣ।

ਅਸੀਂ ਉਸਨੂੰ ਭਿਖਾਰੀ ਕਹਿੰਦੇ ਹਾਂ ਜੋ ਬਜ਼ਾਰ ਵਿੱਚ ਖੜ੍ਹਾ ਪੈਸਾ-ਪੈਸਾ ਮੰਗ ਰਿਹਾ ਹੈ। ਅਸਲੀ ਭਿਖਾਰੀ ਤਾਂ ਉਹ ਹੈ ਜੋ ਸਭ ਕੁਝ ਹੁੰਦੇ ਹੋਏ ਵੀ ਪ੍ਰਮਾਤਮਾ ਕੋਲੋਂ ਮੰਗੀ ਜਾ ਰਿਹਾ ਹੈ ਤੇ ਉਸਦੀ ਮੰਗ ਦਾ ਅੰਤ ਨਹੀਂ ਹੁੰਦਾ।

ਬਚਪਨ ਵਿੱਚ ਇਹ ਮਾਂ ਬਾਪ ਪਾਸੋਂ ਮੰਗਦਾ ਹੈ, ਫਿਰ ਰਿਸ਼ਤੇਦਾਰਾਂ ਅਤੇ ਭੈਣ-ਭਰਾਵਾਂ ਕੋਲੋਂ ਮੰਗਦਾ ਹੈ ਜਦ ਇਤਨਿਆਂ ਪਾਸੋਂ ਮੰਗ ਕੇ ਵੀ ਪੂਰਤੀ ਨਹੀਂ ਹੁੰਦੀ ਤਾਂ ਫਿਰ ਇਹ ਸਭ ਤੋਂ ਵੱਡੇ ਦਾਤੇ ਪ੍ਰਮਾਤਮਾ ਪਾਸੋਂ ਮੰਗਦਾ ਹੈ। ਕਿਉਂਕਿ ਇਸ ਨੂੰ ਪਤਾ ਲੱਗ ਜਾਂਦਾ ਹੈ ਕਿ ਲੋਕਾਂ ਕੋਲੋਂ ਮੰਗਣਾ ਤਾਂ ਇਸ ਤਰ੍ਹਾਂ ਹੈ ਜਿਵੇਂ ਦੋ ਅੰਨ੍ਹੇ ਇੱਕ ਦੂਜੇ ਕੋਲੋਂ ਠੂਠਾ ਫੜਕੇ ਮੰਗ ਰਹੇ ਹੋਣ। ਪਵਿੱਤਰ ਗੁਰਬਾਣੀ ਦਾ ਵੀ ਫ਼ਰਮਾਨ ਹੈ ਕਿ ਸਾਰਾ ਜਗ ਫਿਰ ਕੇ ਵੇਖ ਲਓ ਦਾਤਾ ਇੱਕ ਹੀ ਹੈ।

***ਸਭੁ ਜਗੁ ਫਿਰਿ ਮੈ ਦੇਖਿਆ ਹਰਿ ਇਕੋ ਦਾਤਾ ॥***

*(ਅੰਗ ੫੧੦)*

ਦਾਤੇ ਨੇ ਹੀ ਮਾਤਾ ਦੇ ਗਰਭ ਵਿੱਚ ਸਾਡੀ ਰੱਖਿਆ ਕੀਤੀ ਅਤੇ ਬਾਲਕ ਉਮਰ ਵਿੱਚ ਮਾਤਾ ਦੀ ਛਾਤੀ ਵਿੱਚੋਂ ਦੁੱਧ ਪਿਆਲਦਾ ਹੈ। ਜਦੋਂ ਜੀਵ ਬੁੱਢਾ ਹੋ ਜਾਂਦਾ ਹੈ ਤਾਂ ਪ੍ਰਮਾਤਮਾ ਸਾਕ-ਸੰਬੰਧੀ ਪੈਦਾ ਕਰ ਦਿੰਦਾ ਹੈ ਜੋ ਬੈਠੇ ਹੋਏ ਨੂੰ ਭੋਜਨ ਖਵਾਲਦੇ ਹਨ। 42 ਲੱਖ ਜੂਨ ਪਾਣੀ ਵਿੱਚ ਰਹਿੰਦੀ ਹੈ ਉੱਥੇ ਕਿਸੇ ਨੇ ਦੁਕਾਨ ਨਹੀਂ ਪਾਈ ਤੇ ਖੇਤੀ ਵੀ ਕੋਈ ਨਹੀਂ ਕਰਦਾ। ਦਾਤਾ ਸਭ ਨੂੰ ਰੋਜ਼ੀ ਦੇ ਰਿਹਾ ਹੈ ਬੰਦਾ ਦੁਖੀ ਇਸ ਲਈ ਹੈ ਕਿ ਉਸ ਨੇ ਰੱਬ ਦੀ ਚਿੰਤਾ ਨੂੰ ਆਪਣੇ ਉੱਤੇ ਸੁੱਟਿਆ ਹੋਇਆ ਹੈ।

***ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥***
***ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥***
***ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥***

*(ਅੰਗ ੯੫੫)*

ਅਸੀਂ ਜੁਗਾਂ ਜੁਗੰਤਰਾਂ ਤੋਂ ਉਸ ਦਾਤੇ ਦੀਆਂ ਦਾਤਾਂ ਭੋਗਦੇ ਆ ਰਹੇ ਹਾਂ ਪਰ ਫਿਰ ਵੀ ਉਸਦੇ ਭੰਡਾਰੇ ਮੁੱਕਣ ਵਾਲੇ ਨਹੀਂ ਹਨ। ਉਸ ਨੇ ਜੀਵਾਂ ਨੂੰ ਬਾਅਦ ਵਿੱਚ ਪੈਦਾ ਕੀਤਾ ਹੈ- ਪਹਿਲੇ ਉਨ੍ਹਾਂ ਦਾ ਰਿਜ਼ਕ ਲਿਖਿਆ ਹੈ। ਬੜੇ-ਬੜੇ ਯੋਧੇ ਅਤੇ 33

ਕਰੋੜ ਦੇਵੀ-ਦੇਵਤੇ ਵੀ ਉਸ ਦਾਤੇ ਕੋਲੋਂ ਦਾਤਾਂ ਮੰਗ ਰਹੇ ਹਨ।

***ਸਰਬੇ ਜਾਚਿਕ ਤੂੰ ਪ੍ਰਭੁ ਦਾਤਾ***
***ਦਾਤਿ ਕਰੇ ਅਪੁਨੈ ਬੀਚਾਰ ॥੪॥***
***ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ***
***ਦੇਦੇ ਤੋਟਿ ਨਾਹੀ ਭੰਡਾਰ ॥***

*(ਅੰਗ ੫੦੪)*

ਇਸ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ, ਸੰਸਾਰ ਮੰਗਤਾ ਹੈ ਦਾਤਾਂ ਦੇਣ ਵਾਲਾ ਪ੍ਰਮਾਤਮਾ ਇੱਕ ਹੈ। ਇਸ ਲਈ ਉਸ ਨੂੰ ਸਿਮਰ ਤਾਂ ਤੇਰੇ ਕਾਰਜ ਰਾਸ ਹੋਣਗੇ।

ੴ

***ਨੌਵੇਂ ਪਾਤਸ਼ਾਹ ਜੀ ਦਾ ਇਕਤਾਲੀਵਾਂ ਸਲੋਕ :***
***ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥***
***ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥ ੪੧॥***

*(ਅੰਗ ੧੪੨੮)*

ਹੇ ਜੀਵ! ਤੂੰ ਇਨ੍ਹਾਂ ਝੂਠੇ ਪਦਾਰਥਾਂ ਦਾ ਮਾਣ ਕਿਸ ਵਾਸਤੇ ਕਰਦਾ ਹੈ। ਇਸ ਜਗਤ ਨੂੰ ਤੂੰ ਸੁਪਨੇ ਦੀ ਨਿਆਈਂ ਝੂਠਾ ਜਾਣ। ਸਤਿਗੁਰੂ ਜੀ ਆਖਦੇ ਹਨ ਅਸਾਂ ਤੈਨੂੰ ਵਿਚਾਰ ਕੇ ਕਿਹਾ ਹੈ ਕਿ ਹੇ ਭਾਈ! ਇਨ੍ਹਾਂ ਵਿੱਚੋਂ ਕੁਝ ਵੀ ਤੇਰਾ ਸਹਾਇਕ ਨਹੀਂ ਹੈ।

ਗੁਰੂ ਕਲਗੀਧਰ ਪਾਤਸ਼ਾਹ ਜੀ ਲਿਖਦੇ ਹਨ, ਜਿਨ੍ਹਾਂ ਮਹਾਰਾਜਿਆਂ ਦੇ ਤਬੇਲਿਆਂ ਵਿੱਚ ਸੁਹਣੇ ਰੰਗਾਂ ਵਾਲੇ, ਸੋਨੇ ਚਾਂਦੀ ਦੇ ਗਹਿਣਿਆਂ ਨਾਲ ਸ਼ਿੰਗਾਰੇ ਬੇ-ਮਿਸਾਲ ਮਸਤ ਹਾਥੀ ਸਨ, ਕਿਲ੍ਹੇ ਸਨ, ਅਨੇਕਾਂ ਵਧੀਆ ਕਿਸਮ ਦੇ ਘੋੜੇ ਸਨ ਜੋ ਹਿਰਨਾਂ ਵਾਂਗ ਚੁੰਗੀਆਂ ਭਰਦੇ ਅਤੇ ਤੇਜ ਦੌੜ ਵਿੱਚ ਹਵਾ ਦੇ ਵੇਗ ਨੂੰ ਵੀ ਮਾਤ ਪਾਉਂਦੇ ਸਨ। ਇੰਨੇ ਸ਼ਕਤੀਸ਼ਾਲੀ ਰਾਜੇ ਹੋ ਗਏ ਤਾਂ ਵੀ ਕੀ ਬਣ ਗਏ? ਉਨ੍ਹਾਂ ਦੀ ਦੁਨਿਆਵੀ ਸ਼ੋਭਾ ਤੇ ਸ਼ਕਤੀ ਕਿਸ ਕੰਮ? ਅੰਤ ਨੂੰ ਸੰਸਾਰ ਤੋਂ ਨੰਗੇਂ ਪੈਰੀਂ ਹੀ ਚਾਲੇ ਪਾ ਗਏ।

***ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ***
***ਸੀਸ ਨ ਜਾਤ ਬਿਚਾਰੇ ॥***
***ਏਤੇ ਭਏ ਤੋ ਕਹਾ ਭਏ ਭੂਪਤਿ***
***ਅੰਤ ਕੌ ਨਾਂਗੇ ਹੀ ਪਾਂਇ ਪਧਾਰੇ ॥੨॥***

*(ਤ੍ਵ ਪ੍ਰਸਾਦਿ ਸ੍ਵਯੇ)*

ਗੁਰੂ ਕਲਗੀਧਰ ਪਾਤਸ਼ਾਹ ਹੁਸੈਨੀ ਦੇ ਯੁੱਧ ਦੀ ਵਾਰਤਾ ਬਚਿੱਤਰ ਨਾਟਕ ਵਿੱਚ ਲਿਖਦੇ ਹਨ ਕਿ ਦਿਲਾਵਰ ਖਾਂ ਨੇ ਜਦੋਂ ਵੇਖਿਆ ਕਿ ਉਸਦਾ ਪੁੱਤਰ ਮਾਰ ਖਾ ਕੇ ਗਿੱਦੜਾਂ ਵਾਂਗ ਨੱਸ ਆਇਆ ਹੈ ਤੇ ਕਿਸੇ ਪਹਾੜੀ ਰਾਜੇ ਨੇ ਉਸਦੀ ਸਹਾਇਤਾ ਵੀ ਨਹੀਂ ਕੀਤੀ ਤਾਂ ਉਹ ਬਹੁਤ ਗਰਮ ਹੋਇਆ। ਉਸਨੇ ਆਪਣੇ ਵੱਡੇ ਸੂਰਮੇ ਹੁਸੈਨ ਖਾਂ ਨੂੰ ਸੱਦਿਆ। ਇਹ ਬੜਾ ਤਕੜਾ ਸੂਰਮਾ ਤੇ ਆਕੜ ਖਾਂ ਸੀ। ਇਸ ਨੇ ਸ੍ਰੀ ਅਨੰਦਪੁਰ ਸਾਹਿਬ ਆਉਣ ਤੋਂ ਪਹਿਲਾਂ ਨੂਰਪੁਰ ਦੇ ਰਾਜੇ ਨੂੰ ਵਸ ਕੀਤਾ ਤੇ ਡਡਵਾਲੀਏ ਰਾਜੇ ਨੂੰ ਵੀ ਜਿੱਤ ਲਿਆ ਤੇ ਹੋਰ ਪਹਾੜੀ ਰਾਜਿਆਂ ਨੂੰ ਜਿੱਤ ਕੇ ਅੱਗੇ ਵੱਧਦਾ ਗਿਆ। ਉਸਦੇ ਜ਼ੁਲਮਾਂ ਦਾ ਕਿੱਸਾ ਸਾਰੇ ਪਹਾੜ ਵਿੱਚ ਖਿਲ੍ਹਰ ਗਿਆ। ਸਾਰੇ ਪਹਾੜੀ ਰਾਜੇ ਇਸ ਨੂੰ ਪਹਿਲਾਂ ਹੀ ਨਜ਼ਰਾਨੇ ਲੈ ਕੇ ਮਿਲਣ ਲੱਗ ਪਏ। ਕਈ ਮਸੰਦਾਂ ਨੇ ਗੁਰੂ ਕਲਗੀਧਰ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਹੁਸੈਨੀ ਬਹੁਤ ਤਾਕਤਵਰ ਹੋ ਚੁੱਕਾ ਹੈ, ਉਸਨੂੰ ਕੁਝ ਨਜ਼ਰਾਨਾ ਦੇ ਕੇ ਸੁਲਾਹ ਕਰ ਲੈਣੀ ਚਾਹੀਦੀ ਹੈ। ਸਤਿਗੁਰੂ ਜੀ ਨੇ ਕੜਕ ਕੇ ਕਿਹਾ, ਉਹ ਸਾਡੇ ਤੱਕ ਪਹੁੰਚ ਹੀ ਨਹੀਂ ਸਕੇਗਾ। ਉਸਨੂੰ ਆਪਣੀ ਤਾਕਤ ਦਾ ਝੂਠਾ ਮਾਨ ਹੈ। ਜਿਵੇਂ ਰੇਤ ਤੱਤੀ ਹੁੰਦੀ ਹੈ, ਸੂਰਜ ਦੇ ਸੇਕ ਨਾਲ ਪਰ ਉਹ ਸਮਝਦੀ ਹੈ ਕਿ ਇਹ ਸੇਕ ਮੇਰਾ ਹੈ ਤੇ ਕਿਸੇ ਦੇ ਪੈਰ ਸਾੜ ਸਕਦੀ ਹਾਂ। ਉਹ ਸੇਕ ਜਿੱਥੋਂ ਪ੍ਰਾਪਤ ਕਰਦੀ ਹੈ ਉਸਨੂੰ ਭੁੱਲ ਜਾਂਦੀ ਹੈ। ਇਹੋ ਦਸ਼ਾ ਹੁਸੈਨੀ ਦੀ ਸੀ ਕਿ ਬਲ ਤੇ ਮਨੁੱਖਾ ਜਨਮ ਦਾਤੇ ਕੋਲੋਂ

ਪ੍ਰਾਪਤ ਕਰਕੇ ਝੂਠੇ ਮਾਣ ਵਿੱਚ ਫਸ ਗਿਆ ਹੈ।

ਹੁਣ ਹੁਸੈਨੀ ਹਨ੍ਹੇਰੀ ਵਾਂਗ ਵਧਦਾ ਹੋਇਆ ਗੁਲੇਰ ਰਾਜ ਦੇ ਨੇੜੇ ਪਹੁੰਚ ਗਿਆ ਤੇ ਉਸ ਕੋਲੋਂ 10 ਹਜ਼ਾਰ ਮਾਮਲਾ ਮੰਗਿਆ ਅਤੇ ਕਿਹਾ ਆਪਣੀ ਸਾਰੀ ਫੌਜ ਲੈ ਕੇ ਮੇਰੇ ਨਾਲ ਚੱਲ ਸ੍ਰੀ ਅਨੰਦਪੁਰ ਸਾਹਿਬ ਦੇ ਗੁਰੂ ਨੂੰ ਦਬਾਉਣ ਵਾਸਤੇ, ਆਪਣੀ ਸਾਰੀ ਸ਼ਕਤੀ ਦੀ ਵਰਤੋਂ ਕਰ। ਹੁਸੈਨੀ ਦੇ ਐਸੇ ਹੁਕਮ ਸੁਣ ਅਣਖੀਲਾ ਰਾਜਾ ਗੁਪਾਲ ਚੰਦ ਤੜਫ ਉੱਠਿਆ। ਉਸਨੇ ਮਨ ਹੀ ਮਨ ਸਤਿਗੁਰੂ ਜੀ ਅੱਗੇ ਅਰਦਾਸ ਕੀਤੀ, ਹੇ ਦਾਤਾ ਜਿਹੜਾ ਪ੍ਰਮੇਸ਼ਰ ਦੇ ਘਰ ਦਾ ਵਿਰੋਧੀ ਹੈ, ਉਹ ਮੇਰਾ ਵੀ ਵੈਰੀ ਹੈ। ਹੇ ਸੱਚੇ ਪਾਤਸ਼ਾਹ! ਤੇਰੀ ਓਟ ਹੈ, ਤੇਰਾ ਹੀ ਆਸਰਾ ਹੈ। ਕ੍ਰਿਪਾ ਕਰ ਮੈਨੂੰ ਬਲ ਬਖਸ਼। ਮੈਂ ਇਸ ਜ਼ਾਲਮ ਦਾ ਮੁਕਾਬਲਾ ਕਰ ਸਕਾਂ ਤੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਦੇ ਨੇੜੇ ਵੀ ਨਾ ਢੁੱਕਣ ਦੇਵਾਂ।

ਇਧਰ ਹੁਸੈਨੀ ਮਾਮਲਾ ਉਡੀਕਦਾ ਰਿਹਾ ਪਰ ਉਸਦੇ ਆਦਮੀ ਨੇ ਆ ਕੇ ਦੱਸਿਆ ਕਿ ਉਧਰ ਤਾਂ ਲੜਾਈ ਦੀ ਪੂਰੀ ਤਿਆਰੀ ਹੋ ਰਹੀ ਹੈ। ਇਹ ਸੁਣ ਕੇ ਹੁਸੈਨੀ ਆਪੇ ਤੋਂ ਬਾਹਰ ਹੋ ਗਿਆ ਤੇ ਗੁਲੇਰ ਦੇ ਰਾਜੇ ਤੇ ਚੜ੍ਹਾਈ ਕਰ ਦਿੱਤੀ। ਕਈ ਹਿੰਦੂ ਰਾਜੇ ਵੀ ਉਸ ਨਾਲ ਮਿਲ ਗਏ ਦੋਹਾਂ ਦਲਾਂ ਦੀ ਟੱਕਰ ਸ਼ੁਰੂ ਹੋ ਗਈ। ਹੁਸੈਨੀ ਤੇ ਉਸਦੇ ਆਦਮੀ ਬਹੁਤ ਅਭਿਮਾਨ ਨਾਲ ਅੱਗੇ ਵਧੇ ਪਰ ਅੱਗੋਂ ਮੂੰਹ-ਭੰਨ ਜਵਾਬ ਮਿਲਿਆ। ਹਨ੍ਹੇਰੇ ਤੋਂ ਪਹਿਲਾਂ ਹੀ ਹੁਸੈਨੀ ਦੀਆਂ ਫੌਜਾਂ ਪਿੱਛੇ ਹੱਟ ਗਈਆਂ। ਰਾਜੇ ਗੋਪਾਲ ਚੰਦ ਦੀਆਂ ਫੌਜਾਂ ਵੀ ਕਿਲ੍ਹੇ ਵਿੱਚ ਚਲੀਆਂ ਗਈਆਂ। ਬਹੁਤਾ ਨੁਕਸਾਨ ਤੁਰਕਾਂ ਦਾ ਹੋਇਆ।

ਰਾਤ ਨੂੰ ਰਾਜਾ ਗੋਪਾਲ ਚੰਦ ਨੇ ਆਪਣੇ ਦਰਬਾਰੀਆਂ ਨੂੰ ਸੱਦ ਕੇ ਆਖਿਆ ਕਿ ਹੁਸੈਨੀ ਨਾਲ ਮੁਕਾਬਲਾ ਕਰਨਾ ਔਖਾ ਹੈ। ਬਹੁਤੇ ਪਹਾੜੀ ਰਾਜੇ ਈਨ ਮੰਨ ਕੇ ਉਸ ਨਾਲ ਮਿਲ ਗਏ ਹਨ, ਹੁਣ ਸਤਿਗੁਰੂ ਜੀ ਤੋਂ ਬਿਨਾਂ ਸਾਡਾ ਕੋਈ ਆਸਰਾ ਨਹੀਂ। ਉਨ੍ਹਾਂ ਵੱਲ ਰਾਤੋ-ਰਾਤ ਆਦਮੀ ਭੇਜੇ ਜਾਣ ਤੇ ਦਿਨ ਚੜ੍ਹਦੇ ਨੂੰ ਮਦਦ ਮਿਲ ਜਾਵੇ।

ਰਾਜੇ ਦੇ ਜਵਾਨ ਸਤਿਗੁਰੂ ਜੀ ਪਾਸ ਗਏ। ਉਨ੍ਹਾਂ ਪਹਿਲਾਂ ਨਮਸਕਾਰ ਕੀਤੀ ਤੇ ਚਰਨਾਂ ਤੇ ਮੱਥਾ ਟੇਕ ਕੇ ਅਰਜ਼ ਗੁਜਾਰੀ। ਇਨ੍ਹਾਂ ਦੀ ਬੇਨਤੀ ਸੁਣਕੇ ਦਾਤਾਰ ਬੋਲੇ- ਰਾਜਾ ਗੋਪਾਲ ਚੰਦ ਸੱਚਾ ਆਦਮੀ ਹੈ। ਧਰਮ ਦਾ ਪੱਖੀ ਹੋਣ ਕਰਕੇ ਅਸੀਂ ਇਸਦੀ ਜ਼ਰੂਰ ਸਹਾਇਤਾ ਕਰਾਂਗੇ।

ਸਤਿਗੁਰੂ ਜੀ ਦੀ ਆਗਿਆ ਲੈ ਕੇ ਪੰਜ ਸੌ ਸ਼ਸ਼ਤਰਧਾਰੀ ਘੋੜ ਸਵਾਰ ਤਿਆਰ ਹੋ ਗਏ। ਦਿਨ ਚੜ੍ਹੇ ਲੜਾਈ ਸ਼ੁਰੂ ਹੋ ਗਈ। ਕਿਲ੍ਹੇ ਵਿੱਚੋਂ ਨਿਕਲ ਕੇ ਜਵਾਨ ਇਸ ਤਰ੍ਹਾਂ ਦੁਸ਼ਮਣ ਤੇ ਕੁੱਦ ਕੇ ਪਏ ਜਿਵੇਂ ਭੁੱਖਾ ਸ਼ੇਰ ਪੈਂਦਾ ਹੈ। ਲੋਹੇ ਨਾਲ ਲੋਹਾ ਖੜਕਣ ਲੱਗਾ। ਗੋਪਾਲ ਚੰਦ ਦੀਆਂ ਫੌਜਾਂ ਨੂੰ ਸਤਿਗੁਰੂ ਜੀ ਤੇ ਮਾਣ ਸੀ ਤੁਰਕ ਹੁਸੈਨੀ ਨੂੰ ਆਪਣੀ ਸ਼ਕਤੀ, ਅਕਲ ਤੇ ਨੀਤੀ ਤੇ ਮਾਣ ਸੀ ਪਰ ਉਸਦਾ ਝੂਠਾ ਮਾਣ ਛੇਤੀ ਹੀ ਟੁੱਟ ਗਿਆ। ਉਸਦਾ ਕਾਲ ਆ ਚੁੱਕਾ ਸੀ ਆਖਰ ਲੜਦਾ ਲੜਦਾ ਤਲਵਾਰ ਦਾ ਫੱਟ ਖਾ ਕੇ ਧਰਤੀ ਤੇ ਡਿੱਗ ਪਿਆ ਤੇ ਡਿੱਗਦੇ ਸਾਰ ਉਸਦੇ ਪ੍ਰਾਣ ਨਿਕਲ ਗਏ। ਉਸਦੇ ਮਰਨ ਨਾਲ ਭੀਮ ਚੰਦ ਮੈਦਾਨ ਛੱਡਕੇ ਨੱਸ ਉੱਠਿਆ। ਰਾਜੇ ਗੋਪਾਲ ਚੰਦ ਦੀ ਫਤਹਿ ਹੋਈ। ਉਸਨੇ ਸਤਿਗੁਰੂ ਜੀ ਦੇ ਘਰ ਦਾ ਜੱਸ ਕੀਤਾ ਤੇ ਗੁਰੂ ਕਲਗੀਧਰ ਪਿਤਾ ਜੀ ਦਾ ਧੰਨਵਾਦ ਕਰਨ ਵਾਸਤੇ ਸ੍ਰੀ ਅਨੰਦਪੁਰ ਸਾਹਿਬ ਪੁੱਜ ਗਿਆ। ਇਸੇ ਲਈ ਕਹਿੰਦੇ ਹਨ, ਆਪਣੀ ਤਾਕਤ ਦਾ ਝੂਠਾ ਮਾਣ ਨਹੀਂ ਕਰਨਾ ਚਾਹੀਦਾ। ਮਾਣ ਕਰਨਾ ਹੈ ਤਾਂ ਪੂਰੇ ਗੁਰੂ ਦਾ ਕਰ।

*—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

**40. ਸਵਾਲ: ਸਤਿਕਾਰਯੋਗ ਵੀਰ ਜੀ, ਅੱਜ ਕੱਲ੍ਹ ਬੱਚੇ ਕੁਰਾਹੇ ਪੈ ਰਹੇ ਹਨ, ਗੁਰੂ ਚਰਨਾਂ ਨਾਲ ਜੋੜਨ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ?**

**ਜਵਾਬ:** ਜੇਕਰ ਬੱਚਿਆਂ ਨੂੰ ਕਲਯੁੱਗ ਤੋਂ ਬਚਾਉਣਾ ਚਾਹੁੰਦੇ ਹੋ, ਆਪਣੇ ਘਰਾਂ ਵਿੱਚ ਮਾਹੌਲ ਗੁਰਬਾਣੀ ਵਾਲਾ ਬਣਾਓ। ਬੱਚਿਆਂ ਨੂੰ ਸਵੇਰੇ ਉੱਠਾ ਕੇ ਉਮਰ ਮੁਤਾਬਿਕ ਬੈਨ ਲਗਾਓ, ਪੰਜ ਪਉੜੀਆਂ ਜਪੁ ਜੀ ਸਾਹਿਬ ਜੀ ਦੀਆਂ ਕਰੇਗਾ ਤਾਂ ਨਾਸ਼ਤਾ ਮਿਲੇਗਾ। ਇਸ ਤਰ੍ਹਾਂ ਕਰਨ ਨਾਲ ਬੱਚਿਆਂ ਨੂੰ ਬਚਪਨ ਵਿੱਚ ਹੀ ਗੁਰਬਾਣੀ ਦੀ ਖੁਰਾਕ ਅੰਦਰ ਜਾਵੇਗੀ, ਉਹ ਬੱਚੇ ਕੁਰਾਹੇ ਪੈਣ ਤੋਂ ਬਚ ਜਾਣਗੇ।

ਜੇਕਰ ਬੱਚੇ ਛੋਟੇ ਹਨ ਤਾਂ ਇੱਕ ਬੱਚੇ ਪਿੱਛੇ 1 ਪਾਠ ਜਪੁ ਜੀ ਸਾਹਿਬ ਵੱਧ ਕਰਿਆ ਕਰੋ, ਨਿਤ ਅਰਦਾਸ ਕਰਿਆ ਕਰੋ, ਹੇ ਗੁਰੂ ਨਾਨਕ ਸਾਹਿਬ! ਮੇਰੇ ਬੱਚੇ ਦੇ ਜੀਵਨ ਵਿੱਚੋਂ ਗੁਰਸਿੱਖੀ ਨਾ ਚਲੀ ਜਾਵੇ ਸਦਾ ਆਪਣੀ ਮਿਹਰ ਬਣਾਈ ਰੱਖਣਾ, ਸਦਾ ਅੰਗ-ਸੰਗ ਸਹਾਈ ਹੋਣਾ।

**41. ਸਵਾਲ: ਸਤਿਕਾਰਯੋਗ ਵੀਰ ਜੀ, ਜੇ ਬੱਚਾ ਪੜ੍ਹਾਈ ਵਿੱਚ ਬਹੁਤ ਕਮਜ਼ੋਰ ਹੋਵੇ ਤਾਂ ਕੀ ਕਰੀਏ?**

**ਜਵਾਬ:** ਜੇਕਰ ਤੁਹਾਡਾ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਹੈ ਤਾਂ ਕੋਈ ਭਟਕਣ ਦੀ ਲੋੜ ਨਹੀਂ, ਨਾ ਹੀ ਘਬਰਾਉਣ ਦੀ ਲੋੜ ਹੈ। ਜੇਕਰ ਬੱਚੇ ਦੀ ਉਮਰ 10-11 ਸਾਲ ਦੀ ਹੈ ਤਾਂ ਬੱਚੇ ਨੂੰ ਪ੍ਰੇਰਨਾ ਦਿਓ ਕਿ ਦੋ ਪਾਠ ਸ੍ਰੀ ਚੌਪਈ ਸਾਹਿਬ ਦੇ ਕਰੇ। ਜੇਕਰ ਬੱਚਾ 15-16 ਸਾਲ ਦਾ ਹੈ ਤਾਂ ਪ੍ਰੇਰਨਾ ਦਿਓ ਕਿ ਪੰਜ ਪਾਠ ਸ੍ਰੀ ਚੌਪਈ ਸਾਹਿਬ ਦੇ ਰੋਜ਼ ਕਰੇ। ਜੇਕਰ ਬੱਚਾ ਸ੍ਰੀ ਚੌਪਈ ਸਾਹਿਬ ਦਾ ਪਾਠ ਸ਼ੁੱਧ ਨਹੀ ਕਰਦਾ ਤਾਂ ਉਸ ਦੀ ਜਗ੍ਹਾ ਬੱਚੇ ਦੀ ਮਾਤਾ ਬੱਚੇ ਨੂੰ ਕੋਲ ਬਿਠਾ ਕੇ ਪਾਠ ਕਰੇ।

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ

ਸ੍ਰੀ ਚੌਪਈ ਸਾਹਿਬ ਜੀ ਦੀ ਗੁਰਬਾਣੀ ਦੇ ਅਖੀਰ ’ਤੇ ਮੋਹਰ ਲਗਾਈ ਹੈ:

**ਅੜਿੱਲ ॥**

***ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥***

ਚੌਪਈ ਸਾਹਿਬ ਦੀ ਬਾਣੀ ਸ਼ਰਧਾ ਪੂਰਵਕ ਸੁਣਨ ਨਾਲ ਗੂੰਗੇ ਨੂੰ ਵੀ ਰਸਨਾ ਮਿਲ ਜਾਂਦੀ ਹੈ।

***ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥***

ਚੌਪਈ ਸਾਹਿਬ ਦੀ ਬਾਣੀ ਜੇ ਕੋਈ ਮੰਦ ਬੁੱਧੀ ਵਾਲਾ ਪਿਆਰ ਨਾਲ ਸੁਣੇ ਤੇ ਉਸਨੂੰ ਗਿਆਨ, ਬੁੱਧੀ ਮਿਲ ਜਾਵੇਗੀ।

***ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥***

ਚੌਪਈ ਸਾਹਿਬ ਦੀ ਬਾਣੀ ਨੂੰ ਪਿਆਰ ਨਾਲ ਪੜ੍ਹਨ ਵਾਲੇ ਦੇ ਨੇੜੇ ਦੁੱਖ, ਪੀੜ ਤੇ ਡਰ ਨਹੀਂ ਆਉਂਦਾ।

***ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ ॥੨੮॥***

*(ਸ੍ਰੀ ਚੌਪਈ ਸਾਹਿਬ)*

ਜਿਹੜਾ ਵੀ ਚੌਪਈ ਸਾਹਿਬ ਦੀ ਬਾਣੀ ਨੂੰ ਇੱਕ ਵਾਰ ਸ਼ਰਧਾ ਤੇ ਪਿਆਰ ਨਾਲ ਪੜ੍ਹੇਗਾ।

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

1) Google Pay No. ਅਤੇ Paytm No. 9876525850
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026
ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਸਿਫਤਿ ਸਾਲਾਹ**
ਆਪ ਪੜ੍ਹੋ ਤੇ
ਹੋਰਨਾਂ ਨੂੰ ਵੀ ਪੜ੍ਹਾਓ।




ਚੰਦਾ ਭੇਜਣ ਲਈ ਸਕੈਨ ਕਰੋ ਜੀ

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

2) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

**ਨੋਟ: ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿਫਤਿ ਸਾਲਾਹ ਰਸਾਲੇ ਦੇ ਪੰਜ-ਪੰਜ ਮੈਂਬਰ ਬਣਾਓ ਤਾਂ ਜੋ ਗੁਰਸਿੱਖੀ ਦੇ ਪ੍ਰਚਾਰ ਵਿੱਚ ਵਾਧਾ ਹੋ ਸਕੇ।**

# ਅਧਿਆਤਮਿਕ ਵਿਚਾਰਾਂ

**ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ**

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

*—ਸੰਪਾਦਕ*

**543**

ਜੇ ਕੋਈ ਤੁਹਾਡੇ ਨਾਲ ਮਾੜਾ ਵਰਤਾਵ ਕਰਦਾ ਹੈ, ਸਹਾਰੋ। ਤਿੰਨ ਵਾਰ ਸਹਾਰੋਗੇ ਤਾਂ ਪਰਮਾਤਮਾ ਤੁਹਾਡੇ ਪੱਖੀ ਹੋ ਜਾਏਗਾ, ਪਰਮਾਤਮਾ ਦੀ ਚੱਕੀ ਚਲਦੀ ਹੌਲੀ ਹੌਲੀ ਹੈ ਪਰ ਆਟਾ ਬਹੁਤ ਬਾਰੀਕ ਪੀਸਦੀ ਹੈ।

*—ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ*

**544**

ਸਹਿਨਸ਼ੀਲਤਾ ਚਾਹੀਦੀ ਹੈ ਧਰਤੀ ਵਰਗੀ, ਦੁੱਖ ਸੁੱਖ ਵਿੱਚ ਅਡੋਲਤਾ ਪਰਬਤ ਵਰਗੀ, ਜੇਰਾ ਰੁੱਖਾਂ ਵਰਗਾ, ਨਿਰਮਲਤਾ ਬਰਫ਼ ਜਹੀ, ਵਿਸ਼ਾਲਤਾ ਆਕਾਸ਼ ਤੁਲ, ਤੇਜ ਸੂਰਜ ਵਾਂਗ ਅਤੇ ਚਾਹੀਏ ਭਲਾ ਸਰਬੱਤ ਦਾ।

*—ਧੰਨ ਧੰਨ ਸ੍ਰੀ ਗੁਰੂ ਅੰਗਦ ਜੀ*

**545**

ਜੋ ਆਪਣੀ ਵਡਿਆਈ ਆਪ ਕਰਦੇ ਹਨ, ਉਹ ਹਮੇਸ਼ਾ ਖੁਆਰ ਹੁੰਦੇ ਹਨ। ਦਿਖਾਵੇ ਵਾਲੀ ਜ਼ਿੰਦਗੀ ਸਦਾ ਦੁੱਖੀ ਕਰਦੀ ਹੈ।

*—ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ*



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ
# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

***ਲੜੀ ਜੋੜਨ ਲਈ 157 ਅੰਕ ਦੇਖੋ ਜੀ :-***

ਕਲਗੀਧਰ ਪਾਤਸ਼ਾਹ ਜੀ ਦੇ ਪ੍ਰਕਾਸ਼ ਦਿਹਾੜੇ ਦਾ ਸੰਗਤ ਨੂੰ ਬਹੁਤ ਚਾਉ ਸੀ।

***ਕੁਰਬਾਣੀ ਤਿਨ੍ਹਾਂ ਗੁਰਸਿਖਾਂ***
***ਭਾਇ ਭਗਤਿ ਗੁਰਪੁਰਬ ਕਰੰਦੇ।***

***(ਵਾਰ ੧੨, ਪਉੜੀ ੨)***

ਭਾਈ ਗੁਰਦਾਸ ਜੀ ਆਖਦੇ ਹਨ ਕਿ ਅਸੀਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਜਾਂਦੇ ਹਾਂ ਜੋ ਭਗਤੀ ਭਾਵ ਨਾਲ ਗੁਰਪੁਰਬ ਮਨਾਉਂਦੇ ਹਨ। ਪੋਹ ਸੁਦੀ ਸੱਤਵੀਂ ਨੂੰ ਪੁਰਾਤਨ ਸਮੇਂ ਤੋਂ ਹੀ ਗੁਰਸਿੱਖ ਬੜੇ ਚਾਉ ਨਾਲ ਦਸਮ ਪਿਤਾ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਂਦੇ ਆਏ ਹਨ।

ਇੱਕ ਸ਼ੰਕਾ ਵੀ ਕੀਤਾ ਜਾਂਦਾ ਹੈ ਕਿ ਦਸਮ ਪਾਤਸ਼ਾਹ ਜੀ ਦਾ ਗੁਰਪੁਰਬ ਕਿਸੇ ਸਾਲ ਵਿੱਚ ਜਨਵਰੀ ਅਤੇ ਦਸੰਬਰ ਦੋਨਾਂ ਵਿੱਚ ਆ ਜਾਂਦਾ ਹੈ ਅਤੇ ਕਿਸੇ-ਕਿਸੇ ਸਾਲ ਗੁਰਪੁਰਬ ਆਉਂਦਾ ਹੀ ਨਹੀਂ। ਅਜਿਹਾ ਸ਼ੰਕਾ ਈਸਵੀ ਸੰਨ ਨੂੰ ਆਧਾਰ ਮੰਨਣ ਤੇ ਹੁੰਦਾ ਹੈ। ਨਾਨਕਸ਼ਾਹੀ ਸੰਮਤ ਚੇਤ ਤੋਂ ਆਰੰਭ ਹੁੰਦਾ ਹੈ ਅਤੇ ਫਲਗੁਣ (ਫੱਗਣ) ਇਸਦਾ ਅਖੀਰਲਾ ਮਹੀਨਾ ਹੁੰਦਾ ਹੈ। ਨਾਨਕਸ਼ਾਹੀ ਸੰਮਤ ਵਿੱਚ ਹਰ ਸਾਲ ਪੋਹ ਸੁਦੀ ਸੱਤਵੀਂ ਨੂੰ ਗੁਰਪੁਰਬ ਹੁੰਦਾ। ਈਸਵੀ ਸੰਨ ਵਿੱਚ ਕਿਸੇ ਕਿਸੇ ਸਾਲ ਗੁਰਪੁਰਬ ਨਾ ਆਉਣ ਦਾ ਕਾਰਨ ਈਸਵੀ ਸੰਨ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਹਨ। ਪਹਿਲਾਂ ਰੋਮਨ ਕਲੰਡਰ ਵਿੱਚ ਮਾਰਚ ਸਾਲ ਦਾ ਪਹਿਲਾ ਮਹੀਨਾ ਹੁੰਦਾ ਸੀ, ਭਾਵ ਮਾਰਚ ਤੋਂ ਨਵਾਂ ਸਾਲ ਸ਼ੁਰੂ ਹੁੰਦਾ ਸੀ। ਜੇਕਰ ਕਲੰਡਰ ਵਿੱਚ ਤਬਦੀਲੀ ਕਰਕੇ ਜਨਵਰੀ ਨੂੰ ਪਹਿਲਾ ਮਹੀਨਾ ਨਾ ਬਣਾਇਆ ਗਿਆ ਹੁੰਦਾ ਤਾਂ ਦੋਨਾਂ ਕਲੰਡਰਾਂ ਦਾ ਨਵਾਂ ਸਾਲ ਕੁਝ ਹੀ ਦਿਨਾਂ ਦੇ ਫਰਕ ਨਾਲ ਚੜ੍ਹਿਆ ਕਰਨਾ ਸੀ ਅਤੇ ਕੋਈ ਰੋਮਨ ਸਾਲ ਅਜਿਹਾ ਨਹੀਂ ਹੋਣਾ ਸੀ ਜਿਸ ਵਿੱਚ ਕਲਗੀਧਰ ਪਾਤਸ਼ਾਹ ਜੀ ਦਾ ਗੁਰਪੁਰਬ ਨਾ ਆਉਂਦਾ।

ਜਹਾਜ਼ ਦੇ ਕਪਤਾਨ ਵੱਲੋਂ ਜਹਾਜ਼ ਉੱਪਰ ਗੁਰਪੁਰਬ ਮਨਾਉਣ ਲਈ ਸਹਿਮਤੀ ਪ੍ਰਗਟਾਏ ਜਾਣ ਤੇ ਸੰਗਤ ਨੇ ਮਹਾਂਪੁਰਖਾਂ ਨਾਲ ਵਿਚਾਰ ਕਰਕੇ ਸਾਰਾ ਪ੍ਰੋਗਰਾਮ ਉਲੀਕਿਆ। ਕਈ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਖੰਡ ਪਾਠ ਪ੍ਰਕਾਸ਼ ਨਾ ਕਰਵਾ ਕੇ ਰੈਣਿ ਸਬਾਈ ਕੀਰਤਨ ਸੰਬੰਧੀ ਸਹਿਮਤੀ ਬਣੀ। ਸੰਗਤ ਨੇ ਬੜੇ ਚਾਉ ਨਾਲ ਕਮਰੇ ਨੂੰ ਧੋ ਕੇ ਫੁਲਕਾਰੀਆਂ ਨਾਲ ਸਜਾਇਆ। ਸਤਿਕਾਰ ਨਾਲ ਉੱਚੀ ਜਗ੍ਹਾ ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਪੋਹ ਸੁਦੀ ਛੇਵੀਂ ਨੂੰ ਸ਼ਾਮ ਨੂੰ ਰਹਰਾਸਿ ਸਾਹਿਬ ਦੇ ਪਾਠ ਨਾਲ ਦੀਵਾਨ ਆਰੰਭ ਹੋਇਆ। ਪਾਠ ਦੀ ਸਮਾਪਤੀ ਤੇ ਕੀਰਤਨ ਦੀ ਆਰੰਭਤਾ ਹੋਈ। ਅੱਠ ਵਜੇ ਮਹਾਂਪੁਰਖਾਂ ਨੇ ਕੀਰਤਨ ਦੁਆਰਾ ਗੁਰੂ ਸਾਹਿਬ ਦੀ ਉਸਤਤਿ ਰਾਹੀਂ ਅਜਿਹਾ ਵਾਤਾਵਰਨ ਸਿਰਜਿਆ ਕਿ ਚਉਗਿਰਦੇ ਵਿੱਚ ਇਕਾਗਰਤਾ ਛਾ ਗਈ। ਜੋਟੀਆਂ ਵਿੱਚ ਸੰਗਤ ਵੀ ਕੀਰਤਨ ਵਿੱਚ ਹਾਜ਼ਰੀ ਭਰ ਰਹੀ ਸੀ।

ਬਾਬਾ ਜੀ ਨੇ ਬੜੇ ਪ੍ਰੇਮ ਨਾਲ ਗੁਰੂ ਸਾਹਿਬ ਦੇ ਸੰਸਾਰ ਤੇ ਆਉਣ ਦੇ ਮੰਤਵ ਵਿੱਚ ਅਦੁੱਤੀ ਸਾਖੀਆਂ ਦੀ ਅਜਿਹੀ ਲੜੀ ਆਰੰਭ ਕੀਤੀ ਕਿ

ਹੋਰਨਾਂ ਧਰਮਾਂ ਦੇ ਪ੍ਰੇਮੀ ਵੀ ਗੁਰੂ ਸਾਹਿਬ ਦੇ ਪਿਆਰ ਵਿੱਚ ਪਰੋਏ ਗਏ।

ਗੁਰੂ ਸਾਹਿਬ ਤਾਂ ਦੁਸ਼ਟ ਦਮਨ ਰੂਪ ਵਿੱਚ ਹੇਮਕੁੰਟ ਪਰਬਤ ਤੇ ਅਕਾਲਪੁਰਖ ਦੇ ਚਰਨਾਂ ਵਿੱਚ ਲੀਨ ਸਨ। ਪਰਮੇਸ਼ਰ ਦੇ ਹੁਕਮ ਵਿੱਚ ਸੰਸਾਰੀ ਜੀਵਾਂ ਦੇ ਕਲਿਆਣ ਲਈ ਸੰਸਾਰ ਤੇ ਆਏ। ਪੀਰ ਭੀਖਣ ਸ਼ਾਹ ਜੀ ਨੇ ਆਪ ਜੀ ਦੇ ਆਗਮਨ ਦਾ ਅਨੁਭਵ ਕਰਕੇ ਪਟਨਾ ਸਾਹਿਬ ਦਰਸ਼ਨਾਂ ਲਈ ਆਉਣਾ ਕੀਤਾ। ਮਨ ਵਿੱਚ ਸਵਾਲ ਸੀ ਕਿ ਇਸ ਪਰਮ ਜੋਤ ਦਾ ਸੰਸਾਰ ਤੇ ਆਗਮਨ ਕਿਸ ਸੰਪਰਦਾ ਜਾਂ ਕਿਸ ਧਰਮ ਦੀ ਰਹਿਬਰੀ ਲਈ ਹੋ ਰਿਹਾ ਹੈ। ਆਪ ਜੀ ਨੇ ਇਸ ਪਹਿਲੇ ਸਵਾਲੀ ਦੀ ਭਾਵਨਾ ਪੂਰੀ ਕਰਦਿਆਂ ਸੁਮੱਤ ਦਿੱਤੀ ਕਿ ਆਪ ਜੀ ਸਾਰਿਆਂ ਦੇ ਸਾਂਝੇ ਹਨ। ਆਪ ਜੀ ਨੇ ਸੰਤਾਂ, ਭਗਤਾਂ, ਪੀਰਾਂ-ਫ਼ਕੀਰਾਂ ਨੂੰ ਨਿਵਾਜਿਆ ਜਗਿਆਸੂਆਂ ਨੂੰ ਉਪਦੇਸ਼ਿਆ। ਜ਼ਾਲਮਾਂ ਨੂੰ ਹੋੜਿਆ ਅਤੇ ਮਜ਼ਲੂਮਾਂ ਦੀ ਰਾਖੀ ਕੀਤੀ। ਧਰਮ ਦੀ ਰਾਖੀ ਲਈ ਸਰਬੰਸ ਵਾਰ ਦਿੱਤਾ। ਸਦਾ ਚੜ੍ਹਦੀ ਕਲਾ ਵਿੱਚ ਰਹੇ। ਦੱਖਣ ਜਾਂਦਿਆਂ ਫਕੀਰਾਂ ਨੇ ਕਿਹਾ :

***ਨਾ ਡੱਲਾ ਨਾ ਮੱਲਾ ਗੁਰੂ ਰਹਿ ਗਿਆ ਕੱਲਾ।***

ਆਪ ਜੀ ਨੇ ਫ਼ਰਮਾਇਆ :

***ਗੁਰੂ ਕਦੇ ਵੀ ਨਾ ਕੱਲਾ ਗੁਰੂ ਨਾਲ ਸਦਾ ਹੀ ਅੱਲਾ।***

ਭਾਵੇਂ ਮੁਗਲ ਅਤੇ ਪਹਾੜੀ ਰਾਜੇ ਅਕਾਰਣ ਹੀ ਆ ਕੇ ਹਮਲਾਵਰ ਹੁੰਦੇ ਰਹੇ। ਆਪ ਜੀ ਨੇ ਭਾਈ ਘਨੱਈਆ ਜੀ ਨੂੰ ਜ਼ਖਮੀਆਂ ਨੂੰ ਪਾਣੀ ਪਿਆਉਣ ਤੇ ਪ੍ਰਸੰਨਤਾ ਬਖਸ਼ੀ ਅਤੇ ਮਲ੍ਹਮ ਦੇ ਕੇ ਜ਼ਖਮੀਆਂ ਦੇ ਬਿਨਾਂ ਕਿਸੇ ਵਿਤਕਰੇ ਦੇ ਮਲ੍ਹਮ ਲਾਉਣ ਦਾ ਬਚਨ ਕੀਤਾ।

ਆਪ ਜੀ ਨੇ ਕਵੀਆਂ ਅਤੇ ਲਿਖਾਰੀਆਂ ਨੂੰ ਵੀ ਨਿਵਾਜਿਆ ਅਤੇ ਸਾਹਿਤ ਰਚਨਾ ਲਈ ਪ੍ਰੇਰਿਆ। ਹੋਰਨਾਂ ਭਾਸ਼ਾਵਾਂ ਵਿੱਚੋਂ ਤਰਜਮੇ (ਅਨੁਵਾਦ) ਵੀ ਕੀਤੇ। ਵੈਦ ਸੁਜਾਨ ਰਾਏ ਰਾਹੀ ਵੈਦਾਂ ਹਕੀਮਾਂ ਲਈ ਆਦਰਸ਼ ਦੇ ਪੂਰਨੇ ਪਾਏ ਕਿ ਵੈਦਾਂ ਹਕੀਮਾਂ ਦਾ ਪਹਿਲਾ ਫਰਜ਼ ਰੋਗੀਆਂ ਦੀ ਸੇਵਾ ਹੈ।

ਸੰਸਾਰੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਆਪ ਜੀ 42 ਸਾਲ ਵਿੱਚ ਆਪ ਜੀ ਨੇ ਸੰਸਾਰ ਤੋਂ ਓਹਲਾ ਕਰਨ ਦੀ ਖੇਡ ਵਰਤਾ ਦਿੱਤੀ ਪਰ ਜੋ-ਜੋ ਮਿਹਰਾਂ, ਬਖਸ਼ਿਸ਼ਾਂ ਆਪ ਜੀ ਨੇ ਕੀਤੀਆਂ, ਉਹ ਅੱਜ ਤੱਕ ਵਰਤ ਰਹੀਆਂ ਹਨ।

ਮਹਾਂਪੁਰਖਾਂ ਨੇ ਵਿਸਤਾਰ ਨਾਲ ਗੁਰੂ ਸਾਹਿਬ ਦੀਆਂ ਸਾਖੀਆਂ ਅਤੇ ਬਚਨਾਂ ਦੀ ਵਿਚਾਰ ਕੀਤੀ। ਬਹੁਤ ਸਾਰੇ ਪ੍ਰੇਮੀ ਜੋ ਗੁਰੂ ਸਾਹਿਬ ਬਾਰੇ ਬਹੁਤ ਘੱਟ ਜਾਂ ਬਿਲਕੁਲ ਨਹੀਂ ਜਾਣਦੇ ਸਨ ਤੇ ਹੈਰਾਨ ਵੀ ਹੋ ਰਹੇ ਸਨ ਕਿ ਅਸੀਂ ਅਜੇ ਤੱਕ ਅਣਜਾਣ ਹੀ ਰਹੇ।

ਗੁਰੂ ਸਾਹਿਬ ਨੇ ਜੋ ਅਨਮੋਲ ਵਿਰਸਾ ਸਾਨੂੰ ਦਿੱਤਾ ਹੈ, ਅਸੀਂ ਸੰਸਾਰ ਨਾਲ ਉਸਦੀ ਸਾਂਝ ਸਹੀ ਰੂਪ ਵਿੱਚ ਨਹੀਂ ਪਾ ਸਕੇ। ਸਗੋਂ ਖੁਦ ਵੀ ਸਾਰ ਨਾ ਜਾਣ ਪਾਏ।

ਬਾਬਾ ਜੀ ਨੇ ਛੇ ਘੰਟੇ ਕੀਰਤਨ ਅਤੇ ਵਿਚਾਰ ਕੀਤੀਆਂ। 2 ਵਜੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ। ਦਿਨ ਚੜ੍ਹੇ ਸਮਾਪਤੀ ਉਪਰੰਤ ਕੜਾਹ ਪ੍ਰਸ਼ਾਦਿ ਦੇ ਖੁੱਲ੍ਹੇ ਗੱਫੇ ਵਰਤਾਏ ਗਏ। ਜਹਾਜ਼ ਦਾ ਕਪਤਾਨ ਵੀ ਖੁਸ਼ ਸੀ।

ਸਮੁੰਦਰੀ ਜਹਾਜ਼ ਵਿੱਚ ਸਫਰ ਕਈ ਦਿਨਾਂ ਦਾ ਹੋਇਆ ਕਰਦਾ ਹੈ। ਮਹਾਂਪੁਰਖ ਹੁਕਮ ਅਨੁਸਾਰ ਵਿਚਰਦੇ ਹਨ। ਉਨ੍ਹਾਂ ਦਾ ਕਿਤੇ ਵੀ ਆਉਣਾ ਜਾਣਾ ਹੁਕਮ ਵਿੱਚ ਹੀ ਹੁੰਦਾ ਹੈ। ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਹੁਕਮ ਅਨੁਸਾਰ ਅੰਮ੍ਰਿਤ ਸੰਚਾਰ ਦੀ ਸੇਵਾ ਕਰਦੇ ਹੋਏ ਕਰਾਚੀ ਗਏ ਹੋਏ ਸਨ। ਉਸ ਵੇਲੇ ਅਜੇ ਪਾਕਿਸਤਾਨ ਨਹੀਂ ਬਣਿਆ ਸੀ। ਸੰਗਤ ਦੀ ਹਜ਼ੂਰ ਸਾਹਿਬ ਦਰਸ਼ਨਾਂ ਲਈ ਜਾਣ ਦੀ ਵਿਚਾਰ ਬਣੀ। ਸੰਗਤ ਵਿੱਚ ਕੁਝ ਸਿੰਧੀ ਪ੍ਰੇਮੀ ਵੀ ਸਨ। ਉਨ੍ਹਾਂ ਨੇ ਕਰਾਚੀ ਬੰਦਰਗਾਹ ਤੋਂ ਬੰਬਈ (ਹੁਣ ਮੁੰਬਈ) ਜਾਣ

ਅਤੇ ਉੱਥੋਂ ਟਰੇਨ ਰਾਹੀਂ ਹਜ਼ੂਰ ਸਾਹਿਬ ਜਾਣ ਦੀ ਬੇਨਤੀ ਕੀਤੀ ਪਰ ਬਾਬਾ ਜੀ ਨੇ ਬਚਨ ਕੀਤਾ, "ਭਾਈ ਪ੍ਰੇਮੀਓ ਸਾਨੂੰ ਜਹਾਜ਼ ਤੇ ਜਾਣ ਦਾ ਹੁਕਮ ਨਹੀਂ। ਅਸੀਂ ਗੱਡੀ ਤੇ ਜਾਵਾਂਗੇ। ਤੁਸੀਂ ਬੇਸ਼ਕ ਜਹਾਜ਼ ਤੇ ਆ ਜਾਇਓ।"

ਸੰਗਤ ਦੇ ਬਾਰ-ਬਾਰ ਹਠ ਕਰਨ ਤੇ ਬਾਬਾ ਜੀ ਜਹਾਜ਼ ਤੇ ਬੈਠ ਗਏ। ਬੰਦਰਗਾਹ ਤੋਂ ਚੱਲਣ ਤੋਂ ਕੁਝ ਹੀ ਦੇਰ ਬਾਅਦ ਜਹਾਜ਼ ਖੜ੍ਹ ਗਿਆ। ਜਹਾਜ਼ ਵਾਲਿਆਂ ਨੇ ਬੜਾ ਜ਼ੋਰ ਲਾਇਆ ਪਰ ਜਹਾਜ਼ ਨਾ ਅੱਗੇ ਵਧੇ ਨਾ ਪਿੱਛੇ ਜਾਵੇ। ਨੁਕਸ ਕੁਝ ਨਾ ਸਮਝ ਲੱਗੇ। ਬਾਬਾ ਜੀ ਨਿੱਜ ਸਰੂਪ ਵਿੱਚ ਲੀਨ ਸਨ। ਸੰਗਤ ਵਿੱਚ ਜਿਨ੍ਹਾਂ ਨੇ ਹਠ ਕੀਤਾ ਸੀ, ਬੜੇ ਫਿਕਰਮੰਦ ਸਨ। ਬਾਬਾ ਜੀ ਨੂੰ ਬੇਨਤੀ ਕਰਨ ਲੱਗੇ। ਕੁਝ ਸਮੇਂ ਬਾਅਦ ਮਹਾਂਪੁਰਖਾਂ ਨੇ ਨੇਤਰ ਖੋਲ੍ਹੇ। ਉਨ੍ਹਾਂ ਪ੍ਰੇਮੀਆਂ ਨੇ ਫਿਰ ਭੁੱਲ ਮੰਨੀ। ਹੁਣ ਐਸੀ ਕਿਰਪਾ ਹੋਈ ਕਿ ਜਹਾਜ਼ ਅੱਗੇ ਨਾ ਵਧ ਕੇ ਬੰਦਰਗਾਹ ਵੱਲ ਪਰਤ ਗਿਆ। ਕਿਨਾਰੇ ਪਹੁੰਚ ਕੇ ਮਹਾਂਪੁਰਖ ਅਤੇ ਸੰਗਤ ਸਟੇਸ਼ਨ ਵੱਲ ਤੁਰ ਗਏ। ਟਰੇਨ ਰਾਹੀਂ ਹਜ਼ੂਰ ਸਾਹਿਬ ਵੱਲ ਚਾਲੇ ਪਾਏ। ਹੁਕਮ ਅਨੁਸਾਰ ਆਪ ਜੀ ਨੇ ਜਹਾਜ਼ ਰਾਹੀਂ ਕਦੇ ਸਫ਼ਰ ਨਹੀਂ ਕੀਤਾ ਪਰ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਬਾਰੇ ਆਪ ਜੀ ਨੇ ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਵਾਲਿਆਂ ਨੂੰ ਬਚਨ ਕੀਤਾ ਸੀ ਕਿ ਇਹ ਭੁਜੰਗੀ ਦੇਸ਼ਾਂ-ਵਿਦੇਸ਼ਾਂ ਵਿੱਚ ਗੁਰਮਤਿ ਦਾ ਪ੍ਰਚਾਰ ਕਰੇਗਾ। ਅਭੇਦ ਮਹਾਂਪੁਰਖਾਂ ਦਾ ਬਚਨ ਸੀ, ਪੂਰਾ ਤਾਂ ਹੋਣਾ ਹੀ ਸੀ। ਅੱਜ ਰਾੜਾ ਸਾਹਿਬ ਵਾਲੇ ਮਹਾਂਪੁਰਖ ਪਹਿਲੀ ਵਾਰ ਪਰਦੇਸ ਜਾ ਰਹੇ ਸਨ। ਬਧੌਛੀ ਵਾਲੇ ਮਹਾਂਪੁਰਖਾਂ ਦੇ ਬਚਨ ਵੀ ਫਲੀਭੂਤ ਹੋ ਰਹੇ ਸਨ।

---

*ਪੰਨਾ 14 ਦਾ ਬਾਕੀ ਹਿੱਸਾ—*

ਕਹਿਣ ਲੱਗਾ ਕਿ ਜਦੋਂ ਤੁਸੀਂ ਕੇਸਾਂ ਵਿੱਚ ਕੰਘਾ ਵਾਹੁੰਦੇ ਹੋ ਤਾਂ ਉਸ ਵਿੱਚ ਵੀ ਕੇਸ ਆਉਂਦੇ ਹਨ। ਸੋਢੀ ਹਰਭਜਨ ਸਿੰਘ ਕਹਿਣ ਲੱਗੇ ਕਿ ਜਿਹੜੇ ਕੰਘੇ ਵਿੱਚ ਕੇਸ ਆਉਂਦੇ ਹਨ ਉਹ ਮੁਰਦਾ ਕੇਸ ਆਉਂਦੇ ਹਨ ਭਾਵ ਕਿ ਉਹ ਕੇਸ ਮੁਰਦਾ ਹੋ ਜਾਂਦੇ ਹਨ ਕਿਉਂਕਿ ਜਿਉਂਦੇ ਕੇਸ ਬਕਾਇਦਾ ਰੰਗ ਬਦਲਦੇ ਹਨ, ਬਕਾਇਦਾ ਵੱਡੇ ਹੁੰਦੇ ਹਨ ਅਤੇ ਜਿਹੜੇ ਕੇਸ ਕੰਘੇ ਵਿੱਚ ਆਉਂਦੇ ਹਨ, ਉਹ ਮੁਰਦਾ ਕੇਸ ਆਉਂਦੇ ਹਨ। ਸੋਢੀ ਹਰਭਜਨ ਸਿੰਘ ਕਹਿਣ ਲੱਗੇ ਕਿ ਜਿਵੇਂ ਘਰ ਵਿੱਚ ਕੋਈ ਸਰੀਰ ਮੁਰਦਾ ਹੋ ਜਾਵੇ ਤੇ ਉਸ ਨੂੰ ਘਰ ਨਹੀਂ ਰੱਖਿਆ ਜਾਂਦਾ ਬਲਕਿ ਘਰੋਂ ਭੇਜ ਕੇ ਉਸ ਦਾ ਸਸਕਾਰ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਜਿਹੜੇ ਕੇਸ ਮੁਰਦਾ ਹੋ ਗਏ, ਜਿਹੜੇ ਨਹੁੰ ਮੁਰਦਾ ਹੋ ਗਏ, ਸਿੱਖ ਵੀ ਉਸ ਨੂੰ ਸਰੀਰ 'ਤੇ ਨਹੀਂ ਰੱਖਦਾ ਬਲਕਿ ਬਾਹਰ ਕੱਢ ਦਿੰਦਾ ਹੈ ਕਿਉਂਕਿ ਸਿੱਖ ਧਰਮ ਇੱਕ ਸਫਾਈਖੋਰਾ ਧਰਮ ਹੈ। ਜਦੋਂ ਸੋਢੀ ਹਰਭਜਨ ਸਿੰਘ ਨੇ ਜਵਾਬ ਦਿੱਤਾ ਕਿ ਕੋਈ ਵੀ ਸਿੱਖ ਨਹੁੰ ਨਹੀਂ ਕੱਟਦਾ ਤੇ ਜੇ ਕੱਟਦਾ ਹੈ ਤਾਂ ਮੁਰਦਾ ਭਾਗ ਕੱਟਦਾ ਹੈ ਤਾਂ ਉਸ ਵੇਲੇ ਇੰਨੇ ਜੈਕਾਰੇ ਲੱਗੇ ਤੇ ਉਹ ਅੰਗਰੇਜ਼ ਨੇ ਮਾਈਕ 'ਤੇ ਆ ਕੇ ਕਿਹਾ ਕਿ ਮੇਰੇ ਅੰਦਰ ਸ਼ੰਕਾ ਬਣਿਆ ਰਹਿਣਾ ਸੀ ਕਿ ਸਿੱਖ ਸਾਬਤ ਸੂਰਤ ਕਿਵੇਂ ਹੈ? ਪਰ ਸੋਢੀ ਹਰਭਜਨ ਸਿੰਘ ਨੇ ਬਾਰੀਕੀ ਦੀ ਗੱਲ ਦੱਸ ਕੇ ਮੇਰੇ ਜ਼ਿੰਦਗੀ ਭਰ ਦੇ ਸ਼ੰਕੇ ਹੱਲ ਕਰ ਦਿੱਤੇ ਨੇ।

ਸੋਢੀ ਹਰਭਜਨ ਸਿੰਘ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ ਅੱਜ ਵੀ ਮੌਜੂਦ ਹਨ? ਗੁਰੂ ਸਾਹਿਬ ਅੱਜ ਵੀ ਮੌਜੂਦ ਹਨ, ਸਾਡਾ ਸਿਦਕ ਹੋਣਾ ਚਾਹੀਦਾ ਹੈ। ਉਹ ਅੱਜ ਵੀ ਗੁਰਬਾਣੀ ਦੇ ਰੂਪ ਵਿੱਚ ਮੌਜੂਦ ਹਨ, ਸਾਡੀ ਭਾਵਨਾ ਹੋਣੀ ਚਾਹੀਦੀ ਹੈ। ਆਓ ਜੀ ਸ਼ਬਦ ਪੜ੍ਹੀਏ ਫਿਰ ਸਮਾਪਤੀ ਹੈ:

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥***

*(ਅੰਗ ੨੮੬)*

ੴ

ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ

VCD 514

# 6 ਪਾਤਸ਼ਾਹੀਆਂ ਦੇ ਮੁਖਾਰਬਿੰਦ 'ਚੋਂ ਬਾਬਾ ਬੁੱਢਾ ਸਾਹਿਬ ਜੀ ਦੇ ਸਨਮਾਨ ਪ੍ਰਤੀ ਕਿਹੜੇ ਬਚਨ ਨਿਕਲੇ?

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 154 ਅੰਕ ਤੋਂ—"ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰਿਆਂ ਵਿੱਚੋਂ- ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਜੀਵਨ ਤੇ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*—ਸੰਪਾਦਕ*

*ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।
ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।
ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।
ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।
ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।
ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ॥੧੨॥*

*(ਵਾਰ ੧੯, ਪਉੜੀ ੧੨)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

## ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ :

### *ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ*

ਇਸ ਅੰਕ ਵਿੱਚ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਜੀਵਨ ਤੇ ਵਿਚਾਰਾਂ ਦੀ ਗੁਰੂ ਸਾਹਿਬ ਸਿਰ 'ਤੇ ਹੱਥ ਰੱਖ ਕੇ ਸੇਵਾ ਲੈਣ। ਬਾਬਾ ਬੁੱਢਾ ਸਾਹਿਬ ਜੀ ਨਾਮ ਵਿੱਚ ਭਿੱਜੀ ਹੋਈ ਰੂਹ। ਦਾਸ ਤਾਂ ਸਾਰੀ ਸੰਗਤ ਨੂੰ ਬੇਨਤੀ ਕਰਦਾ ਹੈ ਕਿ ਬਾਬਾ ਬੁੱਢਾ ਸਾਹਿਬ ਜੀ ਪ੍ਰਸੰਨ ਹੋ ਜਾਣ ਤਾਂ ਸਮਝ ਲੈਣਾ, ਗੁਰੂ ਸਾਹਿਬ ਆਪੇ ਹੀ ਪ੍ਰਸੰਨ ਹੋ ਜਾਣਗੇ।

ਬਾਬਾ ਬੁੱਢਾ ਸਾਹਿਬ ਜੀ ਦੀ ਉਮਰ 12 ਸਾਲ ਦੇ ਕਰੀਬ ਸੀ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨਾਂ ਵਿੱਚ ਆਏ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਖਦੇ ਹਨ, ਉਮਰ ਤੇਰੀ ਛੋਟੀ ਹੈ ਤੇ ਗੱਲਾਂ ਤੇਰੀਆਂ ਬੁੱਢਿਆਂ ਵਾਲੀਆਂ ਹਨ, ਸਿਰ ਤੇ ਹੱਥ ਰੱਖ ਕੇ ਚਰਨੀਂ ਲਗਾਇਆ, ਆਤਮਿਕ ਜੀਵਨ ਦਿੱਤਾ।

ਇਧਰ ਰਮਦਾਸ ਵੱਲ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੇਲੇ ਸਿੱਖ ਹੋਇਆ ਹੈ, ਉਸ ਦਾ ਨਾਂ ਲਿਖਿਆ ਹੈ, ਝੰਡਾ ਰਾਮਦਾਸਪੁਰ। ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਰਮਦਾਸ ਗਏ ਬਾਬਾ ਬੁੱਢਾ ਸਾਹਿਬ ਜੀ ਨਾਲ ਸਨ। ਰਮਦਾਸ ਦੇ ਕੋਲ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕੁਝ ਬਚਨ ਖੁਸ਼ ਹੋ ਕੇ ਕਹੇ, ਧਿਆਨ ਦੇਣਾ ਜ਼ਰਾ। **ਪਹਿਲਾ ਬਚਨ ਕੀਤਾ- ਦੇਵ ਗੁਣ ਦੀ ਇਹ ਧਰਤੀ ਤੁਹਾਨੂੰ ਬਖਸ਼ੀ।** ਇੱਥੇ ਬਹੁਤ ਜਪ-ਤਪ ਹੈ, ਦੇਵ ਗੁਣਾਂ ਦੀ ਧਰਤੀ ਹੈ। ਇਹ ਤੁਹਾਨੂੰ ਬਖਸ਼ੀ, ਇਹ ਤੁਹਾਡੇ ਲਈ ਹੈ। ਬਾਬਾ ਬੁੱਢਾ ਸਾਹਿਬ ਜੀ ਨੂੰ, ਅਜੇ ਬਾਲ ਅਵਸਥਾ ਵਿੱਚ ਹਨ, **ਦੂਜਾ ਬਚਨ ਕੀਤਾ- ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਬਾਬਾ ਬੁੱਢਾ ਸਾਹਿਬ ਜੀ, ਤੁਹਾਡੇ ਤੇ ਇੰਨੀ ਕਿਰਪਾ ਹੋਵੇਗੀ, ਤੁਸੀਂ ਸਾਡਾ ਛੱਠਾ ਰੂਪ ਵੀ ਵੇਖੋਗੇ।** ਛੱਠਾ ਦਾ ਮਤਲਬ ਛੇਵਾਂ। ਤੁਹਾਡੇ ਤੇ ਇੰਨੀ ਕਿਰਪਾ ਹੋਵੇਗੀ, ਤੁਸੀਂ ਸਾਡੇ ਛੱਠੇ ਰੂਪ ਦੇ ਵੀ ਦਰਸ਼ਨ ਕਰੋਗੇ। **ਤੀਜਾ ਬਚਨ- ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬਾਬਾ ਬੁੱਢਾ ਸਾਹਿਬ ਜੀ ਨੂੰ ਕਹਿੰਦੇ, ਤੁਹਾਡੀ ਸਾਰੀ ਵੰਸ਼ ਵਿੱਚ ਸਿੱਖੀ ਸਦਾ ਰਹੇਗੀ।** ਇਹ ਚੀਜ਼ਾਂ ਪਤਾ ਹੋਣ ਤੇ ਫਿਰ ਬੰਦਾ ਮੰਗਦਾ ਹੈ। ਮੇਰੀ ਵੰਸ਼ ਤੇ ਵੀ ਕਿਰਪਾ ਰਵ੍ਹੇ। ਫਿਰ ਆਪਣੀ ਬੱਚੀ ਲਈ ਕੋਈ ਹੋਰ ਘਰ ਨਹੀਂ ਵੇਖੋਗੇ, ਗੁਰੂ ਕੇ ਸਿੱਖ ਦਾ ਹੀ ਘਰ ਵੇਖੋਗੇ, ਮੇਰੀ ਬੇਟੀ ਜਾਂ ਬੇਟਾ ਹੈ, ਸਿੱਖੀ ਤੋਂ ਬਾਹਰ ਕਿਤੇ ਹੋਰ ਵਿਆਹੇ ਗਏ ਤੇ ਸਿੱਖੀ ਤਾਂ ਖਤਮ ਹੋ ਗਈ। **ਚੌਥਾ ਬਚਨ- ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਬਾਬਾ ਬੁੱਢਾ ਸਾਹਿਬ ਜੀ, ਅਸੀਂ ਤੁਹਾਡੇ ਤੇ ਖੁਸ਼ ਹਾਂ। ਵੱਡੇ-ਵੱਡੇ ਗਿਆਨੀ ਤੇ ਬੜੇ-ਬੜੇ ਸਿਆਣੇ ਲੋਕ ਤੁਹਾਡੀ ਬਰਾਬਰੀ ਨਹੀਂ ਕਰ ਸਕਣਗੇ, ਝੁਕਣਗੇ ਤੁਹਾਡੇ ਅੱਗੇ।** ਕੈਸੀਆਂ ਖੁਸ਼ੀਆਂ। ਤੁਹਾਡਾ ਪ੍ਰਤਾਪ ਸਾਦੇਪੰਨ ਵਿੱਚ ਇੰਨਾ ਹੋਵੇਗਾ ਵੱਡੇ-ਵੱਡੇ ਗਿਆਨੀ, ਪੜ੍ਹੇ ਲਿਖੇ ਸਿਆਣੇ ਵੀ ਤੁਹਾਡੀ ਬਰਾਬਰੀ ਨਹੀਂ ਕਰ ਸਕਣਗੇ, ਤੁਹਾਡੇ ਕੋਲ ਭਿੱਜੀ ਭਗਤੀ ਹੈ। ਤੁਹਾਡੇ ਅੱਗੇ ਝੁਕਣਗੇ। ਇਹ ਗੱਲਾਂ ਸਮਝਣਾ। **ਪੰਜਵਾਂ ਬਚਨ- ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬਾਬਾ ਬੁੱਢਾ ਸਾਹਿਬ ਜੀ ਨੂੰ ਆਖਿਆ, ਤੁਹਾਡੀ ਵੰਸ਼ ਵਿੱਚ ਅਤਿ ਦੀ ਪ੍ਰੀਤ ਸਿੱਖੀ ਨਾਲ ਰਹੇਗੀ।**

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬਾਬਾ ਬੁੱਢਾ ਸਾਹਿਬ ਜੀ ਨੂੰ ਕਹਿੰਦੇ, ਵਿਆਹ ਕਰਵਾਓ। ਬਾਬਾ ਜੀ ਕਹਿੰਦੇ, ਸਤਿਗੁਰੂ ਜੀ! ਮੈਂ ਵਿਆਹ ਨਹੀਂ ਕਰਵਾਉਣਾ। ਮਾਤਾ-ਪਿਤਾ ਜੀ ਵੀ ਕਹਿਣ, ਵਿਆਹ ਕਰਨਾ ਹੈ। ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਨਹੀਂ ਕਰਵਾਉਣਾ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬਾਬਾ ਬੁੱਢਾ ਸਾਹਿਬ ਜੀ ਨੂੰ ਕਹਿੰਦੇ, ਵਿਆਹ ਕਰਵਾਉਣਾ ਸਿੱਖ ਧਰਮ ਦੇ ਅੰਦਰ ਪ੍ਰਵਾਨ ਹੈ। ਦੂਸਰਾ ਬਚਨ ਕੀਤਾ, ਤੁਸੀਂ ਗ੍ਰਿਹਸਥੀ ਵਿੱਚ ਰਹਿ ਕੇ ਮਾਇਆ ਤੋਂ ਉਦਾਸ ਹੋ ਕੇ ਕਰਤਾਰ ਨੂੰ ਪ੍ਰਾਪਤ ਕਰੋਗੇ। ਵਿਆਹ ਕਰਵਾਓ। ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ, ਅਚਲ ਵਟਾਲੇ ਬਾਬਾ ਜੀ ਦਾ ਵਿਆਹ ਹੋਇਆ। ਬਾਬਾ ਜੀ ਦੀ ਧਰਮ ਸੁਪਤਨੀ ਦਾ ਨਾਂ ਆਇਆ ਹੈ, ਬੀਬੀ ਮਿਰੋਯਾ ਜੀ। ਜਦੋਂ ਵਿਆਹ ਕਰਵਾ ਕੇ ਆਏ, ਬਾਬਾ ਬੁੱਢਾ ਸਾਹਿਬ ਜੀ, ਕੱਥੂਨੰਗਲ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਉਦੋਂ ਗਏ ਸੀ ਤੇ ਬਾਬਾ ਬੁੱਢਾ ਸਾਹਿਬ ਜੀ ਦੀ ਧਰਮ ਸੁਪਤਨੀ ਨੇ ਪਹਿਲੇ ਪੈਰੀਂ ਹੱਥ ਮਾਤਾ ਸੁਲੱਖਣੀ ਜੀ ਨੂੰ ਲਗਾਇਆ, ਫਿਰ ਮੱਥਾ ਆਪਣੀ ਸੱਸ ਨੂੰ ਟੇਕਿਆ। ਬਾਬਾ ਬੁੱਢਾ ਸਾਹਿਬ ਜੀ ਦੇ ਚਾਰ ਸਪੁੱਤਰ ਹੋਏ ਹਨ- ਭਾਈ ਸੁਧਾਰੀ ਜੀ, ਭਾਈ ਭਿਖਾਰੀ ਜੀ, ਭਾਈ ਮਹਿਮੂ ਜੀ, ਭਾਈ ਭਾਨਾ ਜੀ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਚਾਰੇ ਪੁੱਤਰਾਂ ਦੇ ਨਾਂ ਸ੍ਰੀ ਗੁਰੂ ਨਾਨਕ ਦੇਵ ਜੀ




***ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕਥਾ-ਕੀਰਤਨ ਦੀਆਂ ਹਾਜ਼ਰੀਆਂ ਭਰਦੇ ਹੋਏ।***

ਮਹਾਰਾਜ ਨੇ ਆਪ ਰੱਖੇ ਹਨ। ਕਿੰਨਾ ਪਿਆਰ ਦਿੰਦੇ ਹੋਣਗੇ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ। ਬਾਬਾ ਜੀ ਕਹਿੰਦੇ ਹੋਣਗੇ, ਸਤਿਗੁਰੂ ਜੀ, ਵਿਆਹ ਕਰਵਾ ਦਿੱਤਾ ਹੈ, ਹੁਣ ਚਾਰਾਂ ਦੇ ਨਾਂ ਵੀ ਆਪ ਜੀ ਹੀ ਰੱਖੋ। ਜਿਨ੍ਹਾਂ ਨੂੰ ਧੰਨ ਕਹਿ ਰਹੇ ਹੋ, ਛੇ ਪਾਤਸ਼ਾਹੀਆਂ ਤੱਕ ਜਿਹੜਾ ਤਿਲਕ, ਗੁਰਗੱਦੀ ਦੇਣ ਵੇਲੇ, ਉਹ ਬਾਬਾ ਬੁੱਢਾ ਸਾਹਿਬ ਜੀ ਆਪ ਰਸਮ ਕਰਦੇ ਸਨ।

ਇੱਕ ਦਿਨ ਬਾਬਾ ਬੁੱਢਾ ਸਾਹਿਬ ਜੀ ਲਾਡ ਵਿੱਚ ਕਹਿਣ ਲੱਗੇ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਇੱਕ ਬੇਨਤੀ ਕਰਨੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਦੱਸੋ, ਬਾਬਾ ਬੁੱਢਾ ਸਾਹਿਬ ਜੀ ਕਹਿਣ ਲੱਗੇ, ਜਦੋਂ ਤੁਸੀਂ ਉਦਾਸੀ ਤੇ ਚਲੇ ਜਾਂਦੇ ਹੋ। ਦੋ ਚਾਰ ਸਾਲ ਲਈ ਤੇ ਕਈ ਵਾਰੀ ਸਤਿਗੁਰੂ ਜੀ ਬੜਾ ਵਿਰਲਾਪ ਆ ਜਾਂਦਾ ਹੈ, ਦਰਸ਼ਨਾਂ ਦਾ। ਸ੍ਰੀ ਗੁਰੂ ਨਾਨਕ ਦੇਵ ਜੀ ਮੌਜ ਵਿੱਚ ਆ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਬਾਬਾ ਬੁੱਢਾ ਸਾਹਿਬ ਜੀ, ਅੱਜ ਤੁਹਾਨੂੰ ਬਚਨ ਕਰਦੇ ਹਾਂ :

***ਤੈਥੋਂ ਓਹਲੇ ਨਾ ਹੋਸਾਂ।***

ਇੰਨੀ ਕਮਾਈ ਬਾਬਾ ਬੁੱਢਾ ਸਾਹਿਬ ਜੀ ਦੀ, ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀਆਂ ਖੁਸ਼ੀਆਂ ਲਈਆਂ, ਅੱਜ ਵੀ ਚਲੇ ਜਾਓ ਝਬਾਲ (ਬੀੜ ਬਾਬਾ ਬੁੱਢਾ ਸਾਹਿਬ) ਕਿੰਨੀਆਂ ਹੀ ਸੰਗਤਾਂ ਰੋਜ਼ ਝੋਲੀਆਂ ਅੱਡਦੀਆਂ ਹਨ, ਕੁੰਜੀਆਂ ਹੀ ਦੇ ਦਿੱਤੀਆਂ। ਬਾਬਾ ਜੀ ਮਿਹਰ ਕਰਨ, ਇਸ ਜਨਮ ਵਿੱਚ ਸਾਨੂੰ ਵੀ ਉਹ ਪਛਾਣਨ ਵਾਲੀ ਅੱਖ ਮਿਲ ਜਾਵੇ। ਗੁਰੂ ਸਾਹਿਬ ਆਖਣ ਲੱਗੇ ਅਸੀਂ ਜਿੱਥੇ ਮਰਜ਼ੀ ਚਲੇ ਜਾਈਏ ਪਰ ਬਾਬਾ ਬੁੱਢਾ ਸਾਹਿਬ ਜੀ, ਤੁਹਾਡੀ ਨਿਮਰਤਾ, ਤੁਹਾਡੀ ਕਮਾਈ ਵੇਖ ਕੇ, ਬਚਨ ਕਰਦੇ ਹਾਂ :

***ਤੈਥੋਂ ਓਹਲੇ ਨਾ ਹੋਸਾਂ।***

ਤੁਸੀਂ ਸਾਖੀਆਂ ਪਹਿਲਾਂ ਵੀ ਸੁਣੀਆਂ ਹਨ। ਤੁਹਾਨੂੰ ਪਤਾ ਹੈ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ, ਮਾਤਾ ਵਿਰਾਈ ਜੀ ਦੇ ਘਰ ਇਕਾਂਤ ਵਿੱਚ ਬੈਠ ਗਏ ਸੀ, ਕਿੰਨ੍ਹਾਂ ਨੇ ਲੱਭਿਆ ਸੀ। ਸੰਗਤ ਕਹਿੰਦੀ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਨਹੀਂ ਹੋ ਰਹੇ, ਬਾਬਾ ਜੀ ਤੁਹਾਨੂੰ ਬਚਨ ਦਿੱਤਾ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ, ਤੈਥੋਂ ਓਹਲੇ ਨਾ ਹੋਸਾਂ। ਦੱਸੋ, ਕਿੱਥੇ ਹਨ? ਬਾਬਾ ਬੁੱਢਾ ਸਾਹਿਬ ਜੀ ਨੇ ਸੋਚਿਆ, ਜੇ ਅਸੀਂ ਦੱਸ ਦਿੱਤਾ ਤੇ ਮਾਣ ਆ ਜਾਣਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਘੋੜੀ ਅੱਗੇ ਲਗਾ ਦਿੱਤੀ ਤੇ ਕਹਿੰਦੇ ਇਸਨੂੰ ਪਤਾ ਹੋਣਾ ਵਾ ਸਤਿਗੁਰੂ ਜੀ ਕਿੱਥੇ ਹਨ? ਘੋੜੀ ਅੱਗੇ ਲਗਾ ਕੇ ਆਪ ਸਾਰੀ ਸੰਗਤ ਦੇ ਨਾਲ ਮਗਰ-ਮਗਰ ਤੁਰ ਪਏ। ਘੋੜੀ ਮਾਤਾ ਵਿਰਾਈ ਜੀ ਦੇ ਘਰ ਆ ਕੇ ਰੁਕੀ। ਮਾਈ ਵਿਰਾਈ ਜੀ ਦੇ ਘਰ ਦਾ ਬੂਹਾ ਬੰਦ। ਬਾਬਾ ਜੀ ਕਹਿੰਦੇ, ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਕੀਰਤਨ ਦੇ ਆਸ਼ਕ ਹਨ। ਕੀਰਤਨ ਕਰੋ, ਆਪੇ ਬੂਹਾ ਖੁੱਲ੍ਹ ਜਾਵੇਗਾ। ਬਾਬਾ ਜੀ ਨੇ ਲੱਭਿਆ। ਉਨ੍ਹਾਂ ਨੂੰ ਵਰ ਸੀ। ਤੈਥੋਂ ਓਹਲੇ ਨਾ ਹੋਸਾਂ। ਬਾਬਾ ਬੁੱਢਾ ਸਾਹਿਬ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਬੇਨਤੀ ਕੀਤੀ ਸਤਿਗੁਰੂ ਜੀ! ਤੁਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਨਾਲ ਰਹੇ ਹੋ, ਮੈਨੂੰ ਕੋਈ ਉਪਦੇਸ਼ ਝੋਲੀ ਪਾ ਦਿਓ। ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਬਚਨ ਕੀਤਾ:

***ਤਿਨ ਕੋ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦਿਓ।***

ਬਾਬਾ ਬੁੱਢਾ ਸਾਹਿਬ ਜੀ, ਤੁਹਾਨੂੰ ਕੀ ਉਪਦੇਸ਼ ਦਿਆਂ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀਆਂ ਖੁਸ਼ੀਆਂ ਲਈਆਂ ਹਨ।

ਹੁਣ ਅੱਗੇ ਆ ਜਾਓ, ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਬਾਬਾ ਬੁੱਢਾ ਸਾਹਿਬ ਜੀ ਨੂੰ ਬਚਨ ਕੀਤਾ:

***ਤੁਸੀਂ ਤਾਂ ਸਿੱਖੀ ਦੇ ਥੰਮ੍ਹ ਹੋ।***

ਕੋਈ ਤੁਹਾਡਾ ਮਕਾਨ ਖੜ੍ਹਾ ਹੈ, ਹੇਠਾਂ ਪਿੱਲਰਾਂ ਦੇ ਥੰਮ ਹਨ ਤਾਂ ਖੜ੍ਹਾ ਹੈ। ਜੇਕਰ ਕੋਈ ਇਮਾਰਤ ਦੇ ਹੇਠਾਂ ਥੰਮ ਮਜ਼ਬੂਤ ਹੋਵੇ ਤਾਂ ਉੱਪਰ ਜਿੰਨੀਆਂ ਮਰਜ਼ੀ ਮੰਜ਼ਿਲਾਂ ਪਾਈ ਜਾਵੋ। ਕਿਉਂਕਿ ਥੰਮ ਮਜ਼ਬੂਤ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਬਾਬਾ ਬੁੱਢਾ ਸਾਹਿਬ ਜੀ ਨੂੰ ਸਿੱਖੀ ਦਾ ਥੰਮ੍ਹ ਕਿਹਾ ਹੈ। ਬਾਬਾ ਜੀ! ਤੁਹਾਡੇ ਕਰਕੇ ਸਿੱਖੀ ਹੈ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਇੰਨਾ ਵੱਡਾ ਬਚਨ ਝੋਲੀ ਪਾਇਆ।

ਤੁਹਾਨੂੰ ਪਤਾ ਹੈ, ਤੁਸੀਂ ਸਾਰਿਆਂ ਨੇ ਦਰਸ਼ਨ ਕੀਤੇ ਹਨ, ਗੁਰਦੁਆਰਾ ਸੰਨ੍ਹ ਸਾਹਿਬ, ਬਾਸਰਕੇ ਕੋਲ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਵੀ ਬਹੁਤ ਵੈਰਾਗ ਵਿੱਚ, ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਚੋਲਾ ਬਦਲ ਗਏ ਤੇ ਕਈ ਈਰਖਾ ਕਰਨ ਲੱਗ ਪਏ ਤੇ ਸ੍ਰੀ ਗੁਰੂ ਅਮਰਦਾਸ ਜੀ ਸੰਨ੍ਹ ਸਾਹਿਬ ਬੂਹਾ ਬੰਦ ਕਰਕੇ ਅੰਦਰ ਬੈਠ ਗਏ ਤੇ ਬਾਹਰ ਲਿਖ ਕੇ ਲਗਾ ਦਿੱਤਾ ਕਿ ਜਿਹੜਾ ਬੂਹਾ ਖੋਲ੍ਹੇਗਾ ਉਹ ਸਾਡਾ ਸਿੱਖ ਨਹੀਂ ਅਸੀਂ ਉਸਦੇ ਗੁਰੂ ਨਹੀਂ। ਸੰਗਤਾਂ ਫਿਰ ਬਾਬਾ ਬੁੱਢਾ ਸਾਹਿਬ ਜੀ ਕੋਲ ਆ ਗਈਆਂ, ਬਾਬਾ ਜੀ ਤੁਹਾਨੂੰ ਬਚਨ ਕੀਤਾ ਹੈ, ਤੁਹਾਡੇ ਤੋਂ ਓਹਲੇ ਨਾ ਹੋਸਾਂ। ਹੁਣ ਦੱਸੋ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਦਰਸ਼ਨ ਕਿਵੇਂ ਕਰੀਏ? ਬਾਬਾ ਜੀ ਗੁਰੂ ਸਾਹਿਬ ਅੰਦਰ ਹਨ ਪਰ ਬਾਹਰ ਲਿਖਿਆ ਹੈ, ਜਿਸ ਨੇ ਬੂਹਾ ਖੋਲ੍ਹਿਆ, ਉਹ ਸਾਡਾ ਸਿੱਖ ਨਹੀਂ। ਬਾਬਾ ਜੀ ਕੋਲ ਜੁਗਤੀਆਂ ਸਨ। ਕਹਿੰਦੇ, ਕੋਈ ਨਹੀਂ, ਇਹ ਲਿਖਿਆ ਰਹਿਣ ਦਿਓ, ਆਪਾਂ ਬੂਹਾ ਖੋਲ੍ਹਦੇ ਹੀ ਨਹੀਂ, ਮਗਰੋਂ ਸੰਨ੍ਹ ਲਗਾ ਕੇ ਲੰਘ ਜਾਂਦੇ ਹਾਂ। ਮਗਰੋਂ ਕੰਧ ਤੋੜੀ। ਸੰਨ੍ਹ

ਲਗਾਈ। ਪਹਿਲੇ ਬਾਬਾ ਬੁੱਢਾ ਸਾਹਿਬ ਜੀ ਲੰਘੇ, ਫਿਰ ਕੁਝ ਪ੍ਰੇਮੀ। ਅੰਦਰ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਚੌਕੜਾ ਮਾਰ ਕੇ ਇਕਮਿਕ ਹੋਏ ਪਏ, ਚਰਨਾਂ ਨੂੰ ਮੱਥਾ ਲਗਾਇਆ। ਚਰਨਾਂ ਤੇ ਨਮਸਕਾਰ ਕੀਤੀ ਤੇ ਮਹਾਰਾਜ ਜੀ ਨੇ ਨੇਤਰ ਖੋਲ੍ਹੇ ਤੇ ਕਿਹਾ, ਤੁਸੀਂ ਬਾਹਰ ਨਹੀਂ ਪੜ੍ਹਿਆ। ਕਹਿੰਦੇ ਜੀ, ਪੜ੍ਹਿਆ ਹੈ। ਫਿਰ ਅੰਦਰ ਕਿਵੇਂ? ਕਹਿੰਦੇ, ਬੂਹਾ ਨਹੀਂ ਖੋਲ੍ਹਿਆ, ਮਗਰੋਂ ਸੰਨ੍ਹ ਲਗਾ ਕੇ ਆ ਗਏ ਹਾਂ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਮਿਹਰ ਦੇ ਘਰ ਵਿੱਚ ਆ ਗਏ, ਕਹਿਣ ਲੱਗੇ, ਬਾਬਾ ਜੀ, ਤੁਹਾਡਾ ਪਿਆਰ ਵੇਖ ਕੇ ਮਨ ਪ੍ਰਸੰਨ ਹੋ ਗਿਆ। ਕਿਆ ਜੁਗਤੀ ਅਪਣਾਈ ਹੈ ਤੁਸੀਂ। ਅਸੀਂ ਤੁਹਾਡੇ ਨਾਲ ਬਚਨ ਕਰਦੇ ਹਾਂ ਕਿ ਤੁਹਾਡੇ ਵਾਂਗ ਪਿਆਰ ਅਤੇ ਸ਼ਰਧਾ ਨਾਲ ਜਿਹੜਾ ਵੀ ਇਸ ਸੰਨ੍ਹ ਵਿੱਚੋਂ ਲੰਘੇਗਾ, ਉਸ ਦੀ ਚੌਰਾਸੀ ਕੱਟੀ ਜਾਵੇਗੀ। ਇਹ ਗੁਰਦੁਆਰਾ ਸੰਨ੍ਹ ਸਾਹਿਬ ਪਿੰਡ ਬਾਸਰਕੇ ਵਿਖੇ ਸੁਸ਼ੋਭਿਤ ਹੈ।

***ਸਾਧ ਜਨਾ ਕੀ ਅਚਰਜ ਕਥਾ ॥੧॥***

*(ਅੰਗ ੨੭੧)*

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਬਾਬਾ ਬੁੱਢਾ ਸਾਹਿਬ ਨੂੰ ਇਹ ਬਚਨ ਝੋਲੀ ਵਿੱਚ ਪਾਇਆ :

***ਆਪ ਜੈਸਾ ਪਰਮ ਸੰਤ ਸੰਸਾਰ ਵਿੱਚ ਮਿਲਣਾ ਕਠਨ ਹੈ।***

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਇਹ ਬੜਾ ਵੱਡਾ ਬਚਨ ਕੀਤਾ ਤੇ ਪੰਜਵੇਂ ਪਾਤਸ਼ਾਹ ਜੀ ਨੇ ਕਿਹੜਾ ਬਚਨ ਕਿਹਾ, ਉਹ ਬਚਨ ਕੀਤਾ, ਸ੍ਰੀ ਤਰਨ ਤਾਰਨ ਸਾਹਿਬ ਤੋਂ ਉਰੇ ਪੰਜ ਸੱਤ ਕਿਲੋਮੀਟਰ। ਉਸ ਸਮੇਂ ਛੇਵੇਂ ਪਾਤਸ਼ਾਹ ਜੀ ਦੀ ਉਮਰ ਤਿੰਨ ਚਾਰ ਸਾਲ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਂਹ ਫੜਾਈ, ਬਾਬਾ ਬੁੱਢਾ ਸਾਹਿਬ ਜੀ ਨੂੰ। ਬਾਂਹ ਫੜਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ, ਇਨ੍ਹਾਂ ਨੂੰ ਵਿਦਿਆ ਪੜ੍ਹਾਓ, ਬੱਚੇ ਨੂੰ। ਬਾਬਾ ਬੁੱਢਾ ਸਾਹਿਬ ਜੀ ਦੇ ਹੱਥਾਂ ਤੇ ਮਿੱਟੀ ਲੱਗੀ, ਘਾਹ ਵੱਢ ਰਹੇ ਸੀ। ਬਾਬਾ ਬੁੱਢਾ ਸਾਹਿਬ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਹਿੰਦੇ :

***ਮੈਂ ਤੌਂ ਘਾਸ ਕੋ ਰਾਖਾ।***

ਮੈਂ ਤਾਂ ਘਾਹ ਦੀ ਰਾਖੀ ਕਰਨ ਵਾਲਾ ਹਾਂ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੱਖ ਵਿੱਚੋਂ ਬਚਨ ਕੀਤਾ, ਬਾਬਾ ਬੁੱਢਾ ਸਾਹਿਬ ਜੀ :

***ਤੈਂ ਤਾਂ ਸਕਲ ਜਗਤ ਕੋ ਰਾਖਾ।***

ਤੁਸੀਂ ਕਹਿੰਦੇ ਹੋ, ਮੈਂ ਤਾਂ ਘਾਹ ਦਾ ਰਾਖਾ। ਬਾਬਾ ਬੁੱਢਾ ਸਾਹਿਬ ਜੀ, ਤੁਸੀਂ ਇੰਨੇ ਵੱਡੇ ਹੋ, ਸਾਰੇ ਜਗਤ ਦੇ ਰਾਖੇ ਹੋ। ਵੇਖੋ, ਬਾਬਾ ਬੁੱਢਾ ਸਾਹਿਬ ਜੀ ਨੇ ਅੱਖਰੀ ਵਿਦਿਆ, ਗੁਰਮੁਖੀ ਵਿਦਿਆ, ਸ਼ਸ਼ਤਰ ਵਿਦਿਆ, ਬਾਣੀ ਦੀ ਵਿਦਿਆ ਇਹ ਸਾਰੀਆਂ ਛੇਵੇਂ ਪਾਤਸ਼ਾਹ ਜੀ ਨੂੰ ਆਪ ਨਿਪੁੰਨ ਕਰਵਾਇਆ। ਕਹਿ ਦਿਓ ਪਿਆਰ ਨਾਲ :

***ਸਾਧ ਜਨਾ ਕੀ ਅਚਰਜ ਕਥਾ ॥੧॥***

*(ਅੰਗ ੨੭੧)*

***ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ।***

ਵੇਖੋ, ਪੰਜ ਪਾਤਸ਼ਾਹੀਆਂ ਨੇ ਬਚਨ ਕੀਤੇ। ਛੇਵੇਂ ਪਾਤਸ਼ਾਹ ਜੀ ਨੇ ਵੀ ਬਾਬਾ ਬੁੱਢਾ ਸਾਹਿਬ ਜੀ ਲਈ ਬਚਨ ਕੀਤਾ :

***ਇਨ੍ਹਾਂ ਵਰਗੇ ਇਹੋ ਹੀ ਨੇ।***

ਹੋਰ ਕੋਈ ਨਹੀਂ। ਹੁਣ ਜ਼ਰਾ ਦਰਸ਼ਨ ਕਰਨਾ, ਛੋਟੇ-ਛੋਟੇ, ਨਿੱਕੇ-ਨਿੱਕੇ ਬਿਰਤਾਂਤ। ਕਿੰਨੇ ਬਾਬਾ ਜੀ ਨੇੜੇ ਸਨ। ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਖਡੂਰ ਸਾਹਿਬ ਗੁਰਮੁਖੀ ਦੇ ਅੱਖਰ ਉਚਾਰਨ ਕੀਤੇ ਤੇ ਗੁਰਮੁਖੀ ਦੀ ਵਿਦਿਆ ਸਿਖਾਈ। ਗੁਰਮੁਖੀ ਦੀ ਵਿਦਿਆ ਇਸ ਨੂੰ ਹੋਰ ਪ੍ਰਚਾਰਿਆ। ਗੁਰਬਾਣੀ ਗੁਰਮੁਖੀ ਵਿੱਚ ਹੈ ਤਾਂ ਕਿ

ਇਹ ਪੜ੍ਹ ਸਕੇ ਹਰ ਕੋਈ ਸ਼ੁੱਧ। ਦਾਸ ਪੜ੍ਹ ਕੇ ਹੈਰਾਨ ਹੋ ਗਿਆ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬਾ ਬੁੱਢਾ ਸਾਹਿਬ ਜੀ ਦੀ ਡਿਊਟੀ ਲਗਾਈ ਕਿ ਬਾਬਾ ਜੀ, ਗੁਰਮੁਖੀ ਅੱਖਰ ਅੱਗੋਂ ਹੋਰ ਸਿਖਾਉਣ ਲਈ ਤੁਹਾਡੀਆਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਘਰ ਵੱਲੋਂ ਡਿਊਟੀਆਂ ਹਨ। ਔਰ ਭਾਨਾ ਤਲਵੰਡੀ, ਇਹ ਪਿੰਡ ਦਾ ਨਾਂ ਹੈ, ਭਾਨਾ ਤਲਵੰਡੀ ਵਿਖੇ ਬਾਬਾ ਬੁੱਢਾ ਸਾਹਿਬ ਜੀ ਨੇ ਪਾਠਸ਼ਾਲਾ ਖੋਲ੍ਹੀ ਜਿੱਥੇ ਬੱਚਿਆਂ ਨੂੰ ਗੁਰਮੁਖੀ ਅੱਖਰ ਸਿਖਾਉਂਦੇ ਸੀ। ਦਾਸ ਦੀ ਹੱਥ ਜੋੜ ਕੇ ਬੇਨਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਰੱਜ-ਰੱਜ ਕੇ ਇੰਗਲਿਸ਼ ਸਿਖਾਓ। ਪਰ ਆਪਣੇ ਬੱਚਿਆਂ ਨਾਲ ਘਰ ਵਿੱਚ ਪੰਜਾਬੀ ਵਿੱਚ ਗੱਲ ਬਾਤ ਕਰੋ। ਉਨ੍ਹਾਂ ਦੀ ਮਾਂ ਬੋਲੀ ਪੰਜਾਬੀ, ਗੁਰਮੁਖੀ ਸਾਡੇ ਘਰਾਂ ਵਿੱਚੋਂ ਕਿਤੇ ਖਤਮ ਨਾ ਹੋ ਜਾਵੇ। ਇਹ ਨਿਕਲ ਨਾ ਜਾਵੇ। ਇਹ ਸਾਡੇ ਸਤਿਗੁਰੂ ਜੀ ਦੀ ਭਾਸ਼ਾ ਹੈ। ਜੇ ਗੁਰਮੁਖੀ ਸਾਡੇ ਬੱਚੇ ਨਹੀਂ ਸਿੱਖਣਗੇ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕਿਵੇਂ ਪੜ੍ਹਨਗੇ?

ਗਿਆਨੀ ਸੰਤ ਸਿੰਘ ਜੀ ਮਸਕੀਨ ਨੇ ਬੜੀਆਂ ਚੀਜ਼ਾਂ ਲੱਭੀਆਂ ਹਨ। ਹੁਣ ਇੰਗਲਿਸ਼ ਵਿੱਚ ਰ ਨੂੰ ਆਰ ਪੈਂਦਾ ਹੈ ਜੇ ੜ ਆ ਜਾਵੇਗਾ ਫਿਰ ਕੀ ਕਹੋਗੇ, ਬੜੇ ਮਸਲੇ ਹਨ। ਗੁਰਮੁਖੀ ਵਿੱਚ ਹੀ ਬਾਣੀ ਦੀ ਸ਼ੁੱਧਤਾ ਹੈ। ਇਹ ਗੁਰਮੁਖੀ ਅੱਖਰ ਘਰ-ਘਰ ਪਹੁੰਚਾਉਣੇ, ਇਹ ਸਿਰਫ ਸੁਣਨਾ ਨਹੀਂ, ਆਪਣੇ ਤੇ ਵੀ ਲਿਆਉਣਾ ਹੈ। ਦਾਸ ਬੇਨਤੀ ਕਰਦਾ ਹੈ, ਸਾਡੇ ਪੰਜਾਬ ਤੋਂ ਇੰਗਲੈਂਡ ਅੱਗੇ ਹੈ। ਜਿੱਥੇ ਇੱਕ ਨਿੱਕੇ ਜਿਹੇ ਏਰੀਏ ਵਿੱਚ, ਦਾਸ ਵੇਖ ਕੇ ਆਇਆ ਹੈ, ਚਾਲੀ ਜਗ੍ਹਾ ਤੇ ਤੁਹਾਡੇ ਵਰਗੀਆਂ ਦਰਦ ਰੱਖਣ ਵਾਲੀਆਂ ਰੂਹਾਂ ਹਰ ਐਤਵਾਰ ਤਿੰਨ-ਤਿੰਨ ਘੰਟੇ ਦਿੰਦੀਆਂ ਹਨ, ਬੱਚਿਆਂ ਨੂੰ ਗੁਰਮੁਖੀ ਵਿਦਿਆ ਸਿਖਾਉਂਦੀਆਂ ਹਨ। ਇਹ ਜਿਹੜੇ ਛੋਟੇ-ਛੋਟੇ ਦ੍ਰਿਸ਼ਟਾਂਤ ਹਨ, ਸਾਨੂੰ ਕੁਝ ਦਿੰਦੇ ਹਨ। ਮਨ ਭਿੱਜਦਾ ਹੈ।

***ਸਾਧ ਜਨਾ ਕੀ ਅਚਰਜ ਕਥਾ ॥੧॥***

*(ਅੰਗ ੨੭੧)*

ਬਾਬਾ ਜੀ ਕਿੰਨੇ ਨੇੜੇ ਹੋਣਗੇ। ਅਕਬਰ ਨੇ 84 ਪਿੰਡ ਦਿੱਤੇ, ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ। ਮਹਾਰਾਜ ਜੀ, ਇਹ ਪਿੰਡ ਆਪ ਜੀ ਦੀ ਸੇਵਾ ਵਿੱਚ। ਤੇ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਕੀ ਆਖਿਆ ਬਾਬਾ ਬੁੱਢਾ ਸਾਹਿਬ ਜੀ, ਇਹ 84 ਪਿੰਡਾਂ ਦਾ ਕੰਟਰੋਲ ਆਪ ਜੀ ਦੀ ਡਿਊਟੀ ਹੈ। ਕਿੰਨੀਆਂ ਖੁਸ਼ੀਆਂ ਲਈਆਂ ਹੋਣਗੀਆਂ। ਹੁਣ ਸਿਰ ਝੁਕਾਉਣਾ। ਤੁਹਾਡੇ ਸ੍ਰੀ ਅੰਮ੍ਰਿਤਸਰ ਵਿੱਚ ਗੁਰਦੁਆਰਾ ਸੰਤੋਖਸਰ ਸਾਹਿਬ, ਇਸ ਦੇ ਸਰੋਵਰ ਦਾ ਵੀ ਟੱਕ ਲਗਾਇਆ ਹੈ, ਬਾਬਾ ਬੁੱਢਾ ਸਾਹਿਬ ਜੀ ਨੇ। ਬੀਬੀ ਕੌਲਾਂ ਜੀ ਦੇ ਨਾਂ ਤੇ ਸਰੋਵਰ ਗੁਰਦੁਆਰਾ ਕੌਲਸਰ ਸਾਹਿਬ, ਇਸ ਦੇ ਸਰੋਵਰ ਦਾ ਵੀ ਟੱਕ ਲਗਾਇਆ ਹੈ, ਬਾਬਾ ਬੁੱਢਾ ਸਾਹਿਬ ਜੀ ਨੇ। ਗੁਰਦੁਆਰਾ ਬਿਬੇਕਸਰ ਸਾਹਿਬ ਇਸ ਸਰੋਵਰ ਦਾ ਵੀ ਟੱਕ ਲਗਾਇਆ ਹੈ, ਬਾਬਾ ਬੁੱਢਾ ਸਾਹਿਬ ਜੀ ਨੇ ਤੇ ਸਾਧ ਸੰਗਤ ਜੀ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸੇਵਾ ਵਿੱਚ ਬਾਬਾ ਬੁੱਢਾ ਸਾਹਿਬ ਜੀ ਦੀਆਂ ਸੇਵਾਵਾਂ, ਅਰੰਭਤਾ ਵੇਲੇ। ਅਜੇ ਤੱਕ ਉਹ ਥੜ੍ਹਾ ਮੌਜੂਦ ਹੈ ਜਿਹੜਾ ਸ਼ੀਸ਼ੇ ਵਿੱਚ ਹੈ। ਇਹ ਥੜ੍ਹਾ ਸਾਹਿਬ ਦੀ ਸੇਵਾ ਕੇਵਲ ਬਾਬਾ ਬੁੱਢਾ ਸਾਹਿਬ ਜੀ ਤੇ ਭਾਈ ਗੁਰਦਾਸ ਜੀ ਨੇ ਨਿਭਾਈ, ਮਿਸਤਰੀ ਬਣ ਕੇ। ਹੋਰ ਮਿਸਤਰੀਆਂ ਨੇ ਹੱਥ ਨਹੀਂ ਲਗਾਇਆ। ਉੱਚੀਆਂ ਆਤਮਾਵਾਂ। ਫਿਰ ਸ੍ਰੀ ਅੰਮ੍ਰਿਤਸਰ ਦਾ ਸਰੋਵਰ ਪੱਕਾ ਕਰਵਾਉਣ ਦੀ ਡਿਊਟੀ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਾਬਾ ਬੁੱਢਾ ਸਾਹਿਬ ਜੀ ਦੀ ਲਗਾਈ। ਕਿੰਨੀਆਂ ਵੱਡੀਆਂ ਡਿਊਟੀਆਂ।

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਕਿੰਨੀ ਵੱਡੀ ਗੱਲ ਹੈ। ਮਾਤਾ ਗੰਗਾ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਪ੍ਰਿਥੀ ਚੰਦ ਵੀ ਤਾਂ ਸ੍ਰੀ ਰਾਮਦਾਸ ਜੀ ਮਹਾਰਾਜ ਦਾ ਪੁੱਤਰ ਹੈ, ਉਸ ਦੇ ਮੁੱਖ ਵਿੱਚੋਂ ਨਿਕਲਿਆ ਹੈ, ਗੰਗਾ ਔਂਤਰੀ ਹੈ। ਇਸਦੇ ਕਿਹੜਾ ਔਲਾਦ ਹੋਣੀ ਹੈ, ਮੈਂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਪੁੱਤਰ ਦਾ ਬਚਨ ਕਿਵੇਂ ਕੱਟ ਦਿਆਂ। ਗੰਗਾ ਜੀ, ਜੇ ਪੁੱਤਰ ਦੀ ਲੋੜ ਹੈ, ਫਿਰ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੇ ਚਰਨਾਂ ਵਿੱਚ ਚਲੇ ਜਾਓ। ਪਹਿਲੀ ਵਾਰ ਗਏ ਉਦੋਂ ਗੱਲ ਹੋਰ ਸੀ। ਜਦੋਂ ਦੂਜੀ ਵਾਰ ਗਏ ਤਾਂ ਬਾਬਾ ਬੁੱਢਾ ਸਾਹਿਬ ਜੀ ਨੇ ਹੱਥ ਨਾਲ ਗੰਢਾ ਭੰਨਿਆ ਤੇ ਮੁੱਖ ਵਿੱਚੋਂ ਬਚਨ ਦੇ ਦਿੱਤਾ, ਮਾਤਾ ਜੀ, ਇਹੋ ਜਿਹਾ ਪੁੱਤਰ ਹੋਵੇਗਾ, ਜ਼ਾਲਮਾਂ ਦੇ ਸਿਰ ਭੰਨੇਗਾ। ਹੁਣ ਜਦੋਂ ਛੇਵੇਂ ਪਾਤਸ਼ਾਹ ਜੀ ਦਾ ਆਗਮਨ ਹੋਇਆ, ਦੋ ਘੰਟੇ ਹੋ ਗਏ, ਚਾਰ ਘੰਟੇ ਹੋ ਗਏ, ਛੇ ਘੰਟੇ ਹੋ ਗਏ, ਦਿਹਾੜੀ। ਸਾਰੇ ਕਹਿਣ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਬੱਚੇ ਦਾ ਨਾਂ ਰੱਖੋ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ, ਨਾਂ ਰੱਖਣਗੇ, ਬਾਬਾ ਬੁੱਢਾ ਸਾਹਿਬ ਜੀ। ਕਿੰਨਾ ਮਾਣ। ਬਾਬਾ ਬੁੱਢਾ ਸਾਹਿਬ ਜੀ ਨੇ ਨਾਂ ਰੱਖਿਆ ਹੈ, (ਸ੍ਰੀ ਗੁਰੂ) ਹਰਿਗੋਬਿੰਦ ਸਾਹਿਬ ਜੀ। ਔਰ ਯਕੀਨ ਕਰਨਾ, ਇਤਿਹਾਸਕਾਰਾਂ ਨੇ ਲਿਖਿਆ ਹੈ, ਜਦੋਂ ਬਾਬਾ ਬੁੱਢਾ ਸਾਹਿਬ ਜੀ ਨੇ ਨਾਂ ਰੱਖਿਆ, (ਸ੍ਰੀ ਗੁਰੂ) ਹਰਿਗੋਬਿੰਦ ਸਾਹਿਬ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ਼ਬਦ ਉਚਾਰਿਆ :

***ਸਗਲ ਅਨੰਦੁ ਕੀਆ ਪਰਮੇਸਰਿ***
***ਅਪਣਾ ਬਿਰਦੁ ਸਮ੍ਾਰਿਆ ॥***
***ਸਾਧ ਜਨਾ ਹੋਏ ਕਿਰਪਾਲਾ***
***ਬਿਗਸੇ ਸਭਿ ਪਰਵਾਰਿਆ ॥੧॥***

***(ਅੰਗ ੮੦੬)***

ਬਾਬਾ ਬੁੱਢਾ ਸਾਹਿਬ ਜੀ, ਤੁਹਾਡੇ ਵਰਗੇ ਸਾਧੂ, ਕਿਰਪਾਲੂ, ਮਹਾਂਪੁਰਸ਼ ਬੰਦਗੀ ਵਾਲੇ, ਕਿਰਪਾ ਦੇ ਘਰ ਵਿੱਚ ਆਏ। ਬਿਗਸੇ ਹੁੰਦਾ ਹੈ, ਖੁਸ਼। ਤੁਹਾਡੇ ਕਰਕੇ ਪਰਿਵਾਰ ਵਿੱਚ ਖੁਸ਼ੀਆਂ ਆਈਆਂ ਹਨ।

***ਕਾਰਜੁ ਸਤਿਗੁਰਿ ਆਪਿ ਸਵਾਰਿਆ ॥***
***ਵਡੀ ਆਰਜਾ ਹਰਿ ਗੋਬਿੰਦ ਕੀ***
***ਸੂਖ ਮੰਗਲ ਕਲਿਆਣ ਬੀਚਾਰਿਆ ॥੧॥ ਰਹਾਉ ॥***

***(ਅੰਗ ੮੦੬-੦੭)***

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਜਦੋਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਸਰੂਪ ਲਿਖਿਆ। ਪਹਿਲੇ ਗ੍ਰੰਥੀ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਾਰੀ ਰਾਤ ਸੋਚਦੇ ਰਹੇ, ਇੰਨੀ ਵੱਡੀ ਡਿਊਟੀ ਕਿਸ ਨੂੰ ਦੇਈਏ। ਅੱਜ ਜਿਨ੍ਹਾਂ ਦੇ ਤੁਸੀਂ ਗੁਣ ਗਾ ਰਹੇ ਹੋ, ਜਿਨ੍ਹਾਂ ਦਾ ਜੀਵਨ ਸੁਣ ਰਹੇ ਹੋ, ਇਹ ਡਿਊਟੀ ਪਾਈ ਉਨ੍ਹਾਂ ਦੀ ਝੋਲੀ ਵਿੱਚ, ਬਾਬਾ ਬੁੱਢਾ ਸਾਹਿਬ ਜੀ ਪਹਿਲੇ ਗ੍ਰੰਥੀ ਬਣੇ। ਦਾਸ ਨੂੰ ਕਿਸੇ ਪਿਆਰ ਵਾਲੇ ਨੇ ਕਿਹਾ ਸੀ ਕਿ ਜਿਸ ਦਿਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਹੁੰਦਾ ਹੈ, ਉਸ ਦਿਨ ਗ੍ਰੰਥੀਆਂ ਦਾ ਵੀ ਜਨਮ ਦਿਹਾੜਾ ਹੁੰਦਾ ਹੈ। ਉਸ ਦਿਨ ਤੋਂ ਗ੍ਰੰਥੀ ਦੀ ਮਰਿਆਦਾ ਸ਼ੁਰੂ ਹੋਈ। ਪਹਿਲੇ ਗ੍ਰੰਥੀ, ਕੈਸਾ ਗੁਰੂ ਸਾਹਿਬ ਨੇ ਮਾਣ ਦਿੱਤਾ, ਆਪ ਚਵਰ ਸਾਹਿਬ ਕਰ ਰਹੇ ਹਨ। ਰਾਮਸਰ ਸਾਹਿਬ ਤੋਂ ਸਰੂਪ ਆਇਆ, ਬਾਬਾ ਜੀ ਨੇ ਸੀਸ ਤੇ ਰੱਖਿਆ। ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਰੂਪ ਬਿਰਾਜਮਾਨ ਕੀਤਾ ਤੇ ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਸ੍ਰੀ ਗੁਰੂ ਅਰਜਨ

ਦੇਵ ਜੀ ਮਹਾਰਾਜ ਪ੍ਰਕਾਸ਼ ਕਰੋ ਤੇ ਸਤਿਗੁਰੂ ਜੀ ਕਹਿੰਦੇ, ਅਸੀਂ ਤੁਹਾਨੂੰ ਮੁੱਖ ਗ੍ਰੰਥੀ ਥਾਪਿਆ ਹੈ ਇਹ ਪ੍ਰਕਾਸ਼ ਤੁਸੀਂ ਕਰੋ। ਹੁਣ ਧਿਆਨ ਦੇਣਾ ਕੀ ਆਖਿਆ:

*ਬੁਢਾ ਸਾਹਿਬ ਖੋਲੋ ਗ੍ਰੰਥ।*
*ਲੇਹੁ ਅਵਾਜ਼ ਸੁਣੇ ਸਭ ਪੰਥ।*
*ਅਦਬ ਸਹਿਤ ਜਬ ਗ੍ਰੰਥ ਤਉ ਖੋਲਾ।*
*ਲੇਹ ਅਵਾਜ਼ ਬੁਢਾ ਮੁਖ ਬੋਲਾ।*

ਕੀ ਹੁਕਮਨਾਮਾ ਆਇਆ :

*ਸੰਤਾ ਕੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਵਾਣਿ ਆਇਆ ਰਾਮ ॥*

*(ਅੰਗ ੭੮੩)*

*ਸਾਧ ਜਨਾ ਕੀ ਅਚਰਜ ਕਥਾ ॥੧॥*

*(ਅੰਗ ੨੭੧)*

ਹੁਣ ਧਿਆਨ ਦੇਣਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਹਰ ਗਏ ਹਨ। ਅੱਜ ਜਿਧਰ ਪਿੱਪਲ ਹਰਾ ਕੀਤਾ, ਉਧਰ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿੰਦੇ, ਅਸੀਂ ਉਧਰ ਜਾ ਰਹੇ ਹਾਂ, ਲੋੜ ਹੈ, ਸੁਣਨਾ ਬਚਨ ਤੇ ਬਾਬਾ ਬੁੱਢਾ ਸਾਹਿਬ ਜੀ, ਅੱਧੀ ਫੌਜ ਸਾਡੇ ਨਾਲ ਜਾਊ ਤੇ ਅੱਧੀ ਤੁਹਾਡੇ ਕੋਲ ਰਹੇਗੀ। ਅੱਧੇ ਸਿੱਖ ਨਾਲ ਖੜ੍ਹਾਂਗੇ ਤੇ ਅੱਧੇ ਤੁਹਾਡੇ ਕੋਲ ਸੇਵਾ ਵਿੱਚ ਰਹਿਣਗੇ। ਕਿਹੜਾ ਇਲਾਕਾ ਹੈ? ਜਿੱਥੇ ਪਿੱਪਲ ਹਰਾ ਕੀਤਾ ਹੈ, ਨਾਨਕ ਮਤਾ। ਉਧਰ ਛੇਵੇਂ ਪਾਤਸ਼ਾਹ ਜੀ ਜਾ ਰਹੇ ਹਨ ਤੇ ਬਾਬਾ ਬੁੱਢਾ ਸਾਹਿਬ ਇਹ ਤੁਹਾਡੀ ਡਿਊਟੀ ਹੈ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਦੀ ਰੌਣਕ ਵਧਦੀ ਰਵ੍ਹੇ, ਇਹ ਘਟੇ ਨਾ। ਗੁਰੂ ਸਾਹਿਬ ਕਿੰਨੇ ਖੁਸ਼ ਹੁੰਦੇ ਹਨ, ਤੁਸੀਂ ਜਦੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਨਾਲ ਸੰਗਤਾਂ ਨੂੰ ਜੋੜਦੇ ਹੋ। ਫਿਰ ਬਾਬਾ ਬੁੱਢਾ ਸਾਹਿਬ ਨੇ ਭਾਈ ਗੁਰਦਾਸ ਜੀ ਨਾਲ ਮਤਾ ਕੀਤਾ। ਕਹਿੰਦੇ, ਕਿਹੜਾ ਕੰਮ ਕਰੀਏ? ਰੌਣਕਾਂ ਹੋਰ ਵੱਧਣ, ਹੈਰਾਨ ਹੋਵੋਗੇ ਕਿ ਮਤਾ ਪਾਸ ਕੀ ਕੀਤਾ ਕਿ ਰੋਜ਼ ਸੰਧਿਆ ਵੇਲੇ ਚੌਂਕੀ ਸਾਹਿਬ ਕੱਢੀ ਜਾਵੇ। ਜਿਹੜੀ ਰਾਤੀਂ ਚੌਂਕੀ ਸਾਹਿਬ ਨਿਕਲਦੀ ਹੈ, ਸ੍ਰੀ ਹਰਿਮੰਦਰ ਸਾਹਿਬ ਦੀ ਵੱਡੀ ਪਰਕਰਮਾ ਕਰੇ ਤੇ ਫਿਰ ਅੰਦਰ ਜਾਵੇ, ਇਸ ਚੌਂਕੀ ਦਾ ਨਾਂ ਹੀ ਇਹ ਪਿਆ ਹੈ, ਬਾਬਾ ਬੁੱਢਾ ਸਾਹਿਬ ਜੀ ਦੀ ਚੌਂਕੀ। ਇਹ ਬਾਬਾ ਜੀ ਨੇ ਚਲਾਈ ਹੈ ਤੇ ਤੁਸੀਂ ਹੈਰਾਨ ਹੋਵੋਗੇ ਸ੍ਰੀ ਹਰਿਮੰਦਰ ਸਾਹਿਬ ਸਾਰਾ ਦਿਨ ਕੀਰਤਨ ਬੰਦ ਨਹੀਂ ਹੁੰਦਾ, ਨਿਰੰਤਰ ਚਲਦਾ ਹੈ ਪਰ ਜਦੋਂ ਬਾਬਾ ਬੁੱਢਾ ਸਾਹਿਬ ਜੀ ਦੀ ਚੌਂਕੀ ਆ ਜਾਵੇ, ਅੱਜ ਵੀ ਅੰਦਰ ਕੀਰਤਨ ਨੂੰ ਵਿਸ਼ਰਾਮ ਦਿੱਤਾ ਜਾਂਦਾ ਹੈ, ਇੰਨਾ ਸਤਿਕਾਰ ਹੈ, ਬਾਬਾ ਬੁੱਢਾ ਸਾਹਿਬ ਜੀ ਦੀ ਚੌਂਕੀ ਦਾ। ਇਹ ਗੱਲ ਸਾਡੇ ਲਈ ਆਮ ਹੈ ਪਰ ਉਦੋਂ ਇਹ ਬੜੀ ਵੱਡੀ ਗੱਲ ਸੀ। ਇਹ ਚੌਂਕੀ ਸਾਹਿਬ ਦੀ ਮਰਿਆਦਾ ਅੱਜ ਤੱਕ ਚੱਲ ਰਹੀ ਹੈ।

ਦਾਸ ਕੁਝ ਸਮੇਂ ਪਹਿਲਾਂ ਸ੍ਰੀ ਪਾਉਂਟਾ ਸਾਹਿਬ ਗਿਆ ਸੀ, ਉੱਥੇ ਵੀ ਚੌਂਕੀ ਸਾਹਿਬ ਕੱਢਦੇ ਹਨ, ਇੰਨਾ ਮਨ ਭਿੱਜਦਾ ਹੈ, ਨਿਸ਼ਾਨ ਸਾਹਿਬ ਤੋਂ ਅਗਵਾਈ ਲੈ ਕੇ ਸ਼ੁਰੂ ਕਰਦੇ ਹਨ, ਸਤਿਗੁਰੂ ਜੀ ਦਾ ਸਰੂਪ ਬਿਰਾਜਮਾਨ ਰਹਿੰਦਾ ਹੈ। ਪਟਿਆਲੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵੀ ਸਮਾਪਤੀ ਉਪਰੰਤ ਚੌਂਕੀ ਸਾਹਿਬ ਕੱਢੀ ਜਾਂਦੀ ਹੈ। ਗੁ: ਸ਼ਹੀਦਾਂ ਸਾਹਿਬ ਵੀ ਕੱਢਦੇ ਹਨ, ਇਹ ਚੌਂਕੀ ਸਾਹਿਬ ਦੀ ਮਰਿਆਦਾ ਬਾਬਾ ਬੁੱਢਾ ਸਾਹਿਬ ਜੀ ਨੇ ਸ਼ੁਰੂ ਕੀਤੀ।

ਹੁਣ ਜਦੋਂ ਰਮਦਾਸ ਵਾਲੀ ਸਾਈਡ ਤੇ ਬਾਬਾ ਬੁੱਢਾ ਸਾਹਿਬ ਜੀ ਚੋਲਾ ਬਦਲਣ ਲੱਗੇ, ਸਾਡੇ ਬਾਬਾ ਨਾਨਕ ਜੀ ਦੇ ਸਿੱਖ ਕਿੱਥੇ ਪਹੁੰਚੇ ਹਨ, ਪਹਿਲੇ ਹੀ ਸੁਨੇਹਾ ਭੇਜ ਦਿੱਤਾ, ਬਾਬਾ ਬੁੱਢਾ ਸਾਹਿਬ ਜੀ ਨੇ ਛੇਵੇਂ ਪਾਤਸ਼ਾਹ ਜੀ ਨੂੰ ਕਿ ਅਸੀਂ ਕੱਲ੍ਹ ਚੋਲਾ ਬਦਲਣਾ ਹੈ, ਛੇਵੇਂ ਪਾਤਸ਼ਾਹ ਜੀ,

ਦਰਸ਼ਨ ਦੇ ਦਿਓ। ਸੰਗਤ ਜੀ, ਬਾਬਾ ਬੁੱਢਾ ਸਾਹਿਬ ਜੀ ਨੇ ਜਦੋਂ ਚੌਲਾ ਬਦਲਿਆ ਹੈ, ਛੇਵੇਂ ਪਾਤਸ਼ਾਹ ਜੀ ਆਪ ਗਏ ਹਨ। ਬਾਬਾ ਬੁੱਢਾ ਸਾਹਿਬ ਜੀ ਨੇ ਜਦੋਂ ਚੌਲਾ ਬਦਲਿਆ ਹੈ, ਤੁਸੀਂ ਹੈਰਾਨ ਹੋਵੋਗੇ, 137 ਸਾਲ ਦੀ ਉਮਰ ਹੋ ਗਈ ਹੈ, ਬਾਬਾ ਸ੍ਰੀ ਚੰਦ ਜੀ ਦੀ ਪਰ ਬਾਬਾ ਸ੍ਰੀ ਚੰਦ ਜੀ ਉਸ ਵੇਲੇ ਆਪ ਪਹੁੰਚੇ ਹਨ, ਜਦੋਂ ਬਾਬਾ ਬੁੱਢਾ ਸਾਹਿਬ ਜੀ ਨੇ ਚੌਲਾ ਬਦਲਣਾ ਹੈ, ਦਰਸ਼ਨ ਕਰਨ ਲਈ। ਬਾਬਾ ਸ੍ਰੀ ਚੰਦ ਜੀ ਦੀ ਬੜੀ ਕਮਾਈ ਸੀ। ਦੂਜੇ ਪਾਤਸ਼ਾਹ ਜੀ ਦੀ ਸਾਰੀ ਬੰਸ ਪਹੁੰਚੀ ਹੈ, ਰਮਦਾਸ। ਤੇ ਤੀਜੇ ਪਾਤਸ਼ਾਹ ਜੀ ਦੀ ਸਾਰੀ ਬੰਸ ਪਹੁੰਚੀ ਹੈ, ਰਮਦਾਸ ਬਾਬਾ ਜੀ ਦੇ ਚੌਲਾ ਬਦਲਣ ਵੇਲੇ ਔਰ ਅੱਜ ਅਖੀਰਲੀ ਸਿੱਖਿਆ ਲੈਣੀ, ਉਹ ਕਿਹੜੀ? ਬਾਬਾ ਬੁੱਢਾ ਸਾਹਿਬ ਜੀ ਮੰਜੇ ਤੇ ਲੰਮੇ ਪਏ ਹਨ, ਚੌੜੇ ਪਾਵਿਆਂ ਵਾਲਾ ਮੰਜਾ। ਦੂਜੇ ਮੰਜੇ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬੈਠੇ ਹਨ। ਬਾਬਾ ਜੀ ਕਹਿੰਦੇ, ਛੇਵੇਂ ਪਾਤਸ਼ਾਹ ਜੀ, ਅੱਜ ਰਾਤੀਂ ਚੌਲਾ ਬਦਲ ਲੈਣਾ ਹੈ। ਇੱਕ ਬੇਨਤੀ ਹੈ, ਕਿਰਪਾ ਕਰੋ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਬਾਬਾ ਜੀ, ਹੁਕਮ ਕਰੋ। ਬੇਨਤੀ ਹੈ ਨਾਂਹ ਨਾ ਕਰਿਓ, ਛੇਵੇਂ ਪਾਤਸ਼ਾਹ ਜੀ ਕਹਿੰਦੇ, ਹੁਕਮ ਕਰੋ। ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਮੋੜਿਓ ਨਾ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਬਾਬਾ ਜੀ, ਤੁਹਾਡਾ ਬਚਨ ਮੋੜੀਏ ਇਹ ਕਿਵੇਂ ਹੋ ਸਕਦਾ ਹੈ। ਹੁਕਮ ਕਰੋ, ਬਾਬਾ ਜੀ, ਤੁਸੀਂ ਇੰਨੀਆਂ ਖੁਸ਼ੀਆਂ ਲਈਆਂ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਬਾਬਾ ਜੀ ਹੁਕਮ ਕਰੋ, ਜੋ ਕਹੋਗੇ, ਦਿਆਂਗੇ। ਬਾਬਾ ਜੀ ਕਹਿੰਦੇ, ਪਾਤਸ਼ਾਹ, **ਇੱਕ ਵਾਰੀ ਆਪਣੇ ਮੁੱਖ ਤੋਂ ਕਹਿ ਦਿਓ, ਜਾ ਬੁੱਢਿਆ, ਤੈਨੂੰ ਬਖਸ਼ਿਆ।** ਆਹ ਲੋੜ ਹੈ, ਅੱਜ ਦੇ ਗਿਆਨੀਆਂ ਨੂੰ। ਕਿੱਥੇ ਪਹੁੰਚੇ ਤੇ ਨਿਮਰਤਾ ਕਿੰਨੀ। ਨਿਮਾਣਾਪੰਨ। ਦੂਜਾ ਬਚਨ, ਬਾਬਾ ਬੁੱਢਾ ਸਾਹਿਬ ਜੀ, ਛੇਵੇਂ ਪਾਤਸ਼ਾਹ, ਜਦੋਂ ਬਿਲਕੁਲ ਟਾਈਮ ਨੇੜੇ ਆ ਗਿਆ। ਬਾਬਾ ਜੀ ਕਹਿਣ ਲੱਗੇ, ਹੁਣ ਆਗਿਆ ਦਿਓ।

***ਗੁਰਮੁਖਿ ਆਵੈ ਜਾਇ ਨਿਸੰਗੁ ॥***

*(ਅੰਗ ੬੩੨)*

ਬਿਲਕੁਲ ਕੰਮ ਨੇੜੇ ਆ ਗਿਆ ਤੇ ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਛੇਵੇਂ ਪਾਤਸ਼ਾਹ ਜੀ ਆਗਿਆ ਦਿਓ। ਚੰਦ ਸਵਾਸ। ਆਗਿਆ ਦਿਓ, ਪਰਮ ਪਦਵੀ ਪਾਵਾਂ। ਤੇ ਅੱਗੋਂ ਛੇਵੇਂ ਪਾਤਸ਼ਾਹ ਜੀ ਕਹਿੰਦੇ, ਬਾਬਾ ਬੁੱਢਾ ਸਾਹਿਬ ਜੀ, ਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਆਰੇ ਬਿਰਾਜੋ। ਜਿਹੜਾ ਵੀ ਨਿਰੰਕਾਰ ਵੱਲੋਂ ਤੁਹਾਡੇ ਵਾਸਤੇ ਆਸਣ ਆਇਆ, ਉਸ ਤੇ ਬਿਰਾਜੋ। ਤੁਸੀਂ ਕਹਿੰਦੇ ਹੋ, ਪਰਮ ਪਦਵੀ ਪਾਵਾਂ। ਬਾਬਾ ਬੁੱਢਾ ਸਾਹਿਬ ਜੀ, ਹੇ ਪਿਆਰੇ ਬਿਰਾਜੋ। ਆਕਾਸ਼ ਵਾਂਗੂੰ ਵਿਆਪਕ ਹੋ ਕੇ ਸਾਰੇ ਪਾਸੇ ਤੁਹਾਡੀ ਕਿਰਪਾ ਵਰਤੇਗੀ। ਕਿੰਨੀਆਂ ਖੁਸ਼ੀਆਂ ਲਈਆਂ। ਆਕਾਸ਼ ਸਭ ਜਗ੍ਹਾ। ਇਸ ਤਰ੍ਹਾਂ ਵਰਤੋ। ਅਖੀਰ ਗੁਰੂ ਸਾਹਿਬ ਜੀ ਕੋਲੋਂ ਬੇਅੰਤ ਖੁਸ਼ੀਆਂ ਲੈ ਕੇ ਬਾਬਾ ਬੁੱਢਾ ਸਾਹਿਬ ਜੀ:

***ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥***
***ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥***

*(ਅੰਗ ੮੪੬)*

ਗੁਰੂ ਸਾਹਿਬ ਦੇ ਚਰਨਾਂ ਵਿੱਚ ਜਾ ਬਿਰਾਜੇ, ਅਭੇਦ ਹੋ ਗਏ। ਆਓ ਜੀ, ਇੱਕ ਵਾਰੀ ਪੜ੍ਹੋ ਪਿਆਰ ਨਾਲ ਫਿਰ ਸਮਾਪਤੀ ਹੈ:

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

*(ਵਾਰ ੧੯, ਪਉੜੀ ੧੨)*

ੴ

# ਅਨਮੋਲ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਸੰਗ੍ਰਹਿ ਕਰਤਾ-ਸੰਪਾਦਕ

310 ਸਭ ਕੁਝ ਘਰ ਵਿੱਚ ਹੀ ਹੈ ਪਰ ਸਤਿਸੰਗ ਫਿਰ ਵੀ ਜ਼ਰੂਰੀ ਹੈ।

311 ਇੱਕ ਘੜੀ ਦਾ ਸਤਿਸੰਗਤ ਇੱਕ ਸੌ ਸਾਲ ਦੀ ਭਗਤੀ ਨਾਲੋਂ ਵੀ ਉੱਤਮ ਹੈ।

## ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ

3 ਸ਼ਾਂਤੀ ਉਦੋਂ ਹੋਵੇਗੀ ਜਦੋਂ ਹਰ ਪ੍ਰਾਣੀ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰੇ ਅਤੇ ਨਾਮ ਬਾਣੀ ਅਤੇ ਕੀਰਤਨ ਵਿੱਚ ਜੁੜੇ।

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

# कितना बड़ा महात्म है जपुजी साहिब को पढ़ने व सुनने का

*श्रृंखला जोड़ने के लिए पिछला अंक देखें–*

*–जसविन्द्र सिंघ (पटियाला)*

कुछ समय पहले पटियाले दीवान था। स्टेज पर महापुरुष कथा कर रहे थे। आँखों से सीन देखा। कथा करते–करते उन्होंने छाती पर हाथ रखा। पौना घण्टा हो चुका था। छाती पर हाथ रखे हुए। दूसरे पातशाह का प्रसंग था और दसम पातशाह तक चलना था। जो भी इनको दर्द हुआ दूसरे पातशाह से सीधा ही प्रसंग नवम् पातशाह तक ले आए और नवम् पातशाह से दसम पातशाह तक लाकर अभी समाप्त ही किया था कि प्राण त्याग दिए। दास ने कहा कि उनके मन की ख्वाहिश होगी कि

***कबीर मुहि मरने का चाउ है***
***मरउ त हरि कै दुआर॥***

*(अंग १३६७)*

उनको चैक करवाने के लिए डाक्टर के पास लेकर गए तो डाक्टर ने कहा कि मौत हो चुकी है। एक संगत में कथा करते हुए गुरु की हजूरी में प्राण त्यागना, क्या कहोगे कि उनकी अरदास होगी :

***कबीर मुहि मरने का चाउ है***
***मरउ त हरि कै दुआर॥***

*(अंग १३६७)*

मौत का डर कितना बड़ा है पर गुरबाणी में एक अवस्था है जहाँ आकर बाबा जी ने कह दिया :

***बाबा लगनु गणाइ***
***हं भी वंञा साहुरै बलि राम जीउ॥***

*(अंग ७६३)*

यह मायका घर है। वह ससुराल घर है। याद रखो! खालसा जी! मायके में हम अब हैं और ससुराल जाना है। बाणी में कहा है :

***सभना सहुरै वंञणा सभि मुकलावणहार॥***

*(अंग ५०)*

बाबा जी वचन सुनाते थे। बाबा जी कहते थे, मायके में कई तरह के परदे पड़ जाएंगे। ससुराल में परदा कोई नहीं पड़ना। बाबा नंद सिंघ जी समझाते थे कि जो लड़की अविवाहित हो और वह गलती करे तो माँ परदे डालती है। इसको बाबा जी ऐसे कहते थे, यह हमारे मायके में माया रूपी माँ कई बार परदे डाल देती है। माया द्वारा कई बार हम अपने अवगुणों पर परदा डाल लेते हैं। माया के प्रभाव से अवगुण करते जाते हैं। स्टेज पर भी उस्तति के लिए जाते हैं। पर जब लड़की की शादी हो जाती है तो ससुराल में जाकर वह एक गलती भी करे तो

भी सास बढ़ा–चढ़ाकर बताती है कि तुझे उन्होंने कुछ नहीं सिखाया। वह नहीं परदे डालेगी। गुरमुख सास परदे डालेगी पर दुनियावी सास परदे नहीं डालेगी। महापुरुष समझाते थे कि यहाँ तो माया द्वारा कई परदे डाल लोगे, छिप जाओगे, कई कुछ गलत रुप में पेश कर लोगे पर धर्मराज रूपी सास ने सारे परदे नंगे कर देने हैं, कोई परदा नहीं रहने देना। उसने एक–एक बात का हिसाब पूछना है और सबने ससुराल जाना है। दास विनती कर रहा था, जितने शरीर हैं मौत का डर सबसे बड़ा है। लेकिन यदि आप अमृत वेले अपने शरीर में कुछ खाने से पहले श्री जपु जी साहिब की बाणी का पाठ करते हो तो इस डर से भी एक दिन मुक्त हो जाओगे। जो मुक्त नहीं हुए, वे कहेंगे कि क्या इससे भी मुक्त हो सकते हैं, मौत के डर से मुक्त हो सकते हैं, दास एक दावा करता है, जिस दिन पहुँच जाओगे फिर कहोगे। यह पंक्तियाँ उनके हृदय में निकली हैं जो आ गए हैं इस अवस्था में। उन्होंने फिर कहा है:

***कबीर जिसु मरने ते जगु डरै मेरे मनि आनंदु।।***

*(अंग १३६५)*

यह जो पिता–पुत्र हैं वे कहते हैं कि यह सेवा हम से लो बंदूक चैक करने की। पिता कहता है बंदूक चैक करने की सेवा मुझ से लो। पुत्र कहता है कि बंदूक चैक करने की सेवा मुझ से लो, इनके अंदर से क्यों मौत का डर निकल गया? धन्य श्री गुरु गोबिंद सिंघ जी बताते हैं कि यह मेरे सिक्ख अमृत वेले कुछ खाने से पहले 21 पाठ श्री जपु जी साहिब के करते हैं। यह डर बहुत बड़ा है और लगभग हर व्यक्ति को लगा रहता है। आज दास को हुक्म लगाया श्री जपु जी साहिब की बड़ाई पर बोलने पर। इसलिए जो श्री जपु जी साहिब से जुड़ा है, उसके अंदर से मौत का डर निकल जाता है। वह तो कहता है कि महाराज जब मर्जी लगन लगा, जब मर्जी मुझे बुला ले, कोई बात नहीं, जब तक मायके सेवा लेनी है, यहाँ लो।

यह जो साखी आप पढ़ रहे हो, यह बातें मत समझो। कहीं चैक करना हो, आप स्वयं कर सकते हो। अपने घर में चैक कर लो। दास को गुरु साहिब पर भरोसा है। दास दावे से कहता है। आपके घर में जिसका बाणी का नेम है, नोट करो, वह आपको छोटी–छोटी बातों पर हिम्मत देगा, डराएगा नहीं। आपके घर में जो शरीर गुरबाणी नहीं पढ़ता वह हर वक्त घबराहट में रहेगा। यह बाणी हमें अडोल बनाती है। आप भी अपने घर में चैक कर सकते हो। भाई बीर सिंघ जी और भाई धीर सिंघ जी क्यों अडोल हो गए, मौत से भी अडोल हो गए क्योंकि उनका अमृत वेले 21

**आपके घर में जिसका बाणी का नेम है, नोट करो, वह आपको छोटी–छोटी बातों पर हिम्मत देगा, डराएगा नहीं। आपके घर में जो शरीर गुरबाणी नहीं पढ़ता वह हर वक्त घबराहट में रहेगा। यह बाणी हमें अडोल बनाती है। आप भी अपने घर में चैक कर सकते हो। भाई बीर सिंघ जी और भाई धीर सिंघ जी क्यों अडोल हो गए, मौत से भी अडोल हो गए, क्योंकि उनका अमृत वेले 21 पाठ श्री जपु जी साहिब जी का नितनेम था।**

पाठ श्री जपु जी साहिब जी का नितनेम था।

***बाणी प्रभ की सभु को बोलै।।***
***आपि अडोलु न कबहू डोलै।।***

*(अंग २६४)*

अब एक छोटी–सी साखी बता कर फिर समाप्ति करेंगे। पाँच तत्वों का हमारा शरीर बना हैः धरती, आकाश, हवा, पानी और अग्नि। इस गुरबाणी जपु जी साहिब में इतनी ताकत है कि यह पाँच तत्वों को भी बदलने की ताकत रखती है। महापुरुषों का वचन बता रहा हूँ। आपने कहीं नोट किया है? आप कहते होंगे कि हमारे घर वैसे तो ठीक–ठाक है, बड़े भाई साहिब बड़े गर्म रहते हैं। बाकी ठीक है, पति बड़ा गर्म है। लड़के तीनों ठीक हैं, बाकी परिवार ठीक है एक बहू बड़ी तेज है, वह बड़ी गर्म है। पता है कि यह क्यों गर्म है? यह जो पाँच तत्वों का शरीर बना है, जो व्यक्ति बहुत गर्म है, उसके अंदर अग्नि तत्व ज्यादा है। इसको इस तरह भी बताते थे महापुरुष कि शेर कितना खूंखार होता है। खाने को पड़ता है, भड़क कर पड़ता है। यह क्यों? क्योंकि शेर के अंदर अग्नि तत्व ज्यादा होता है। बकरी कितनी नर्म होती है। उसके अंदर धरती व मिट्टी का तत्व ज्यादा होता है। उसके अंदर ठण्ड है, सहज है। मेरे पिता जी की गुरबाणी में इतनी ताकत है कि यह तत्वों को बदलने की ताकत रखती है :

***अंम्रित बाणी ततु है गुरमुखि वसै मनि आइ।।***

*(अंग १४२४)*

1746 ई० में लाहौर का नवाब यहिया खान। सिक्ख इतिहास में पिता–पुत्र हुए हैंः सुबेग सिंघ व शाहबाज सिंघ। सुबेग सिंघ पिता है, शाहबाज सिंघ पुत्र है। शाहबाज सिंघ मौलवी के पास पढ़ता था। मौलवी ने एक दिन गुरु घर की निंदा की। पुत्र से बर्दाश्त न हुआ। उसने जवाब दिया। कहते हैं कि मौलवी ने लाहौर के नवाब यहिया खान को शिकायत की कि यह पिता–पुत्र बागी हैं, मुसलमान धर्म के विरुद्ध बोलते हैं। यह सुनते ही यहिया खान ने हुक्म कर दिया कि दोनों को गिरफ्तार कर लिया जाए। पिता को अलग जेल व पुत्र को अलग जेल में बंद कर दिया। दोनों पर दबाव डाला गया कि मुसलमान बन जाओ। सुबेग सिंघ व शाहबाज सिंघ पर 15 दिन मारपीट करते रहे व दबाव डालते रहे पर न पिता माना और न ही पुत्र। कहते हैं कि 15वें दिन पुत्र ने मान लिया। शाहबाज सिंघ ने मान लिया कि मुसलमान बनने को तैयार हूँ। फिर सिपाही पिता के पास गए कि तेरा पुत्र मुसलमान बनने को तैयार है, तू भी मान जा। सुबेग सिंघ के दिमाग में इतिहास में लिखा है कि वो बातें आई कि या तो मेरे पुत्र का कोई बुरा कर्म आगे आ गया है कि उसने गुरु का सिक्ख होते हुए मुसलमान बनना कबूल कर लिया है या फिर मुगलों का 15 दिन अन्न खाकर उसकी बुद्धि भ्रष्ट हो गई है। खालसा जी! अन्न भी हिसाब से खाया करो या फिर शस्त्र भेंट करके खाया करो। यदि पता हो कि इस खाने को हाथ जूठे लगे हैं या पता नहीं किस तरह बना है तो शस्त्र भेंट कर लिया करो।

लुधियाना के पास जब श्री गुरु गोबिंद सिंघ जी उच्च के पीर बने तो नबी खान व गनी खान ने आगे से और पीछे से दो सिक्खों ने पलंग उठाया हुआ था। मुसलमानों ने कहा कि यह कौन है तो उन्होंने कहा कि यह उच्च के पीर हैं। उच्च गाँव का नाम है। उस गाँव के पीर हैं। मुसलमान कहने लगे कि हमने इनकी सेवा

करनी है, कुछ खिलाना है। तो महाराज ने कहा कि इनको कहो कि पीर ने रोजा रखा है। उन्होंने कह दिया कि पीर जी ने रोजा रखा है। मुसलमान कहने लगे कि पीर जी ने रोजा रखा है मगर पीर जी के चेलों ने तो नहीं रखा। हमने आपको कुछ खिलाना है। आगे नबी खान और गनी खान तथा पीछे दो सिक्ख थे। भाई दया सिंघ जी कहने लगे कि अब क्या करें क्योंकि मुसलमान कहते हैं कि हमने आपको खिलाना है और मुसलमानी ढंग से खाना बना है? आप बताओ कि क्या करें? उस समय कलगीधर पातशाह जी ने चादर के परदे में से कहा कि जो कुछ भी बना कर लाएंगे, श्री साहिब निकाल कर अरदास करके कृपाण भेंट कर देना, यदि पवित्र नहीं होगा और आपके खाने योग्य पवित्रता बन जाएगी। जिस जगह का यह कौतुक है, वहाँ आज गुरुद्वारा कृपाण भेंट साहिब है, जहाँ कृपाण भेंट की।

जब धन्य श्री गुरु हरिगोबिंद साहिब जी ग्वालियर के किले में जेल में तीन दिन, तीन रातें रहे तो अन्न का एक दाना भी नहीं खाया। भूखे रहे। भाई जेठा जी और भाई पिराना जी रो पड़े। सतिगुरु जी! तीन दिन, तीन रातें हो गई हैं आप कुछ नहीं खा रहे। वैसे 500 रुपए रोज का जहांगीर ने लगाया था, ग्वालियर की जेल में कि मुझ पर साढ़सती आने वाली है और धन्य श्री गुरु हरिगोबिंद साहिब जी ग्वालियर के किले में 40 दिन जप तप करें मेरे नाम का तांकि साढ़सती हट जाए। चंदू की चाल थी। इसलिए रोज का 500 रुपया लगाया था– लंगर पानी के लिए। रोज लंगर बांटा जाता था। राजा खुशहाल हो गए, जो कमजोर हो चुके थे। सतिगुरु जी ने 3 दिन, 3 रातें अन्न नहीं खाया। जब भाई जेठा जी व भाई पिराना जी ने कहा, सतिगुरु जी! 3 दिन, 3 रातें हो गई हैं, आप कुछ नहीं खा रहे। सतिगुरु जी ने कहा था कि यह बादशाही पैसा है। इस बादशाही पैसे का अन्न यदि हमने खा लिया तो कहीं मन की पवित्रता एवं स्थिरता बिगड़ न जाए। सतिगुरु जी! फिर क्या करें? छठे पातशाह जी ने भाई जेठा जी व भाई पिराना जी को बाहर भेजा कि शहर जाओ, कोई हाथों से काम करो। हाथों से काम करके जो कमाओगे, स्वयं सामान लाकर लंगर पकाओगे, आपकी कृत का भोजन हम करेंगे। धर्म की कृत। दूसरा अन्न बुद्धि भ्रष्ट करता है।

यह दूसरा फुरना बना भाई सुबेग सिंघ का कि मुगलों का 15 दिन अन्न खाया है बुद्धि कहीं भ्रष्ट न हो गई हो। भाई सुबेग सिंघ ने कहा, अब आप क्या चाहते हो? वह कहने लगे, तेरा पुत्र तो मान गया है मुसलमान बनना, अब तू भी मान जा। श्री जपु जी साहिब की ताकत समझो यह तत्व कैसे बदलती है। भाई सुबेग सिंघ कहने लगे कि मुझे मंजूर है पर एक शर्त है। बताओ, क्या शर्त है। भाई सुबेग सिंघ कहने लगे कि एक घण्टे के लिए मुझे मेरे पुत्र से अकेले मिलने दो। सिपाहियों ने यहिया खान को पूछा कि पुत्र मुसलमान बनने को तैयार है पर पिता ने शर्त रखी है कि मैं भी मान जाऊँगा पर मुझे पुत्र से अकेले मिलने दो। यहिया खान ने मिलने की इजाजत दे दी। कहते हैं कि पुत्र एवं पिता को लाकर उन्होंने एक कमरे मे रखा एक घण्टे का समय दे दिया गया। बाहर से दरवाजा बंद कर दिया। भाई सुबेग सिंघ ने कहा कि एक घण्टे के लिए बुलाना मत। जब कमरे में पिता व पुत्र आमने सामने हुए तो पुत्र की आँखें झुक गईं। सुबेग सिंघ ने यह नहीं पूछा कि पुत्र! तू

मुसलमान बनने को तैयार है या नहीं। उसकी आँखें झुकी देखकर समझ गया कि मेरा बच्चा घबरा गया है। आकर पुत्र का कंधा पकड़ लिया पिता ने, पुत्र! चौकड़ी मार कर बैठ जाओ। पुत्र बैठ गया। आँखें झुकी हुईं हैं। अब सुबेग सिंघ ने क्या किया? अपने पुत्र शाहबाज सिंघ के सिर पर अपने दोनों हाथ रख दिए और श्री जपु जी साहिब का पाठ आरंभ कर दिया।

***ੴ सति नामु करता पुरखु निरभउ निरवैरु अकाल मूरति अजूनी सैभं गुर प्रसादि ।।***

*(जपु जी साहिब)*

जब श्री जपु जी साहिब का पाठ आरंभ किया। ध्यान देना। जब आप पाठ करते हो तो आपकी वृति दो जगह कई बार जाती है: भविष्यकाल और भूतकाल की ओर। भविष्यकाल क्या है? जो आने वाला समय बनाते हो। उसका माल भेजना है। साथ ही यह काम करते जाते हो। उसका यह काम करना है। भाव भविष्य की बातें। कई बार मन भूतकाल में चला जाता है कि वहाँ पर यह काम क्यों किया? अमुक को माल क्यों भेजा? वह पैसा मार कर ले गया। उसका क्या किया? दो तरफ मन जाता है। भूतकाल व कभी भविष्य काल की तरफ। पर आप में से जिस पर जरा सी कृपा हो जाए, वह भूतकाल में से मन निकाल ले और यदि मन भूतकाल में जाए और कहे कि तू जान और यदि भविष्य काल में जाए और कहो कि तू जान। इस तरह भूतकाल व भविष्य काल में से मन को निकाल कर कहाँ ले आए? वर्तमान काल में। वर्तमान क्या है। गुरु का दर घर नहीं पर याद रखना जब दर मिल जाए तो फिर घर दूर नहीं। कोई दिल्ली की सड़कों में घूमता रहेगा। किसी गुरुद्वारे समागम हो रहा है, नहीं मिलता पर जब सड़क पर आ जाएगा फिर पूछने की जरुरत नहीं पड़ेगी, ढूँढने की जरुरत नहीं पड़ेगी, क्योंकि अब आवाज आ गई है कि तेरे निकट ही है:

***सो दरु केहा सो घरु केहा जितु बहि सरब समाले ।।***

*(अंग ६)*

